Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 19 *Issue 18 Wednesday, January 29 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਸਕਾਰਬਰੋ ਗੁਰੂ ਘਰ ਵਿਖੇ ਤੜਕੇ ਹੋਈ ਚੋਰੀ

ਪੰਨਾ 03

ਵਿਰਾਸਤੀ ਮਾਰਗ ਤੋਂ ਲੋਕ-ਨਾਚ ਵਾਲੇ ਬੁੱਤ ਹਟਾਉਣ ਦਾ ਹੁਕਮ

ਪੰਨਾ 04

# ਚੀਨ 'ਚ ਫਸੇ 126 ਕੈਨੇਡੀਅਨਾਂ ਨੇ ਦੇਸ਼ ਪਰਤਣ ਲਈ ਕੀਤੀ ਮਦਦ ਦੀ ਮੰਗ



ਓਟਵਾ, 28 ਜਨਵਰੀ (ਪੋਸਟ ਬਿਊਰੋ) : ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਚੀਨ ਵਿੱਚ ਕੋਰੋਨਾਵਾਇਰਸ ਦੇ ਤੇਜ਼ੀ ਨਾਲ ਫੈਲਣ ਦੇ ਮੱਦੇਨਜ਼ਰ ਉੱਥੇ ਫਸੇ 126 ਕੈਨੇਡੀਅਨਾਂ ਵੱਲੋਂ ਸਰਕਾਰ ਤੋਂ ਮਦਦ ਮੰਗੀ ਗਈ ਹੈ।
ਇਹ ਉਨ੍ਹਾਂ 250 ਕੈਨੇਡੀਅਨਾਂ ਵਿੱਚੋਂ ਅੱਧਿਆਂ ਦੀ ਗੁਜ਼ਾਰਿਸ਼ ਹੈ, ਜਿਹੜੇ ਇਸ ਸਮੇਂ ਚੀਨ ਦੇ ਹੁਬੇਈ ਪ੍ਰੋਵਿੰਸ ਵਿੱਚ ਹਨ ਤੇ ਸਰਕਾਰ ਕੋਲ ਰਜਿਸਟਰਡ ਹਨ। ਕੈਨੇਡੀਅਨ ਅਜੇ ਵੀ ਚੀਨ ਦੇ ਇਸ ਹਿੱਸੇ ਵਿੱਚ ਹੋਣ ਲਈ ਖੁਦ ਨੂੰ ਰਜਿਸਟਰ ਕਰਵਾ ਰਹੇ ਹਨ। ਇਹ ਜਾਣਕਾਰੀ ਗਲੋਬਲ ਅਫੇਅਰਜ਼ ਕੈਨੇਡਾ ਦੀ ਵੈਬਸਾਈਟ ਉੱਤੇ ਦਿੱਤੀ ਗਈ। ਇਸ ਤੋਂ ਭਾਵ ਇਹ ਹੈ ਕਿ ਇਸ ਗਿਣਤੀ ਵਿੱਚ ਹੋਰ ਵਾਧਾ ਹੋ ਸਕਦਾ ਹੈ।
ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ੈਂਪੇਨ ਨੇ ਆਖਿਆ ਕਿ ਰਜਿਸਟਰਡ 250 ਕੈਨੇਡੀਅਨਾਂ ਵਿੱਚੋਂ 126 ਨੇ ਦੇਸ਼ ਪਰਤਣ ਲਈ ਮਦਦ ਕਰਨ ਦੀ ਮੰਗ ਕੀਤੀ ਹੈ। ...ਬਾਕੀ ਪੰਨਾ 6 'ਤੇ

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਸ਼ਿਕਾਰਪੁਰ, ਜ਼ਿਲਾ ਸਿੱਖਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਸ਼ਾਹੀ, ਸ਼ਿਕਾਰਪੁਰ, ਜ਼ਿਲਾ ਸਿੱਖਰ ਦੀ ਹੈ।
..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਟੋਰਾਂਟੋ ਪਰੇਡ 'ਚ ਹਿੱਸਾ ਲੈਣਗੇ ਮੈਕੇਅ ਤੇ ਗਲੈਡੂ




ਓਟਵਾ, 28 ਜਨਵਰੀ (ਪੋਸਟ ਬਿਊਰੋ): ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਪੀਟਰ ਮੈਕੇਅ ਤੇ ਮੈਰੀਲਿਨ ਗਲੈਡੂ ਦੋਵੇਂ ਹੀ 28 ਜੂਨ ਨੂੰ ਹੋਣ ਜਾ ਰਹੀ ਟੋਰਾਂਟੋ ਪ੍ਰਾਈਡ ਪਰੇਡ ਵਿੱਚ ਹਿੱਸਾ ਲੈਣ ਬਾਰੇ ਵਿਚਾਰ ਕਰ ਰਹੇ ਹਨ। ਇਸ ਤੋਂ ਇੱਕ ਦਿਨ ਬਾਅਦ ਹੀ ਪਾਰਟੀ ਆਪਣਾ ਨਵਾਂ ਆਗੂ ਚੁਣਨ ਲਈ ਵੋਟ ਕਰੇਗੀ।
ਪਰ ਇੱਕ ਹੋਰ ਕੰਜ਼ਰਵੇਟਿਵ ਉਮੀਦਵਾਰ ਐਰਿਨ ਓਟੂਲੇ ਉਦੋਂ ਤੱਕ ਇਸ ਪਰੇਡ ਵਿੱਚ ਹਿੱਸਾ ਨਹੀਂ ਲੈਣਗੇ ਜਦੋਂ ਤੱਕ ਪੁਲਿਸ ਨੂੰ ਇਸ ਪਰੇਡ ਵਿੱਚ ਯੂਨੀਫੌਰਮ ਪਾ ਕੇ ਮਾਰਚ ਕਰਨ ਦੀ ਇਜਾਜ਼ਤ ਨਹੀਂ ਮਿਲਦੀ। ਮੰਗਲਵਾਰ ਨੂੰ ਟਵਿੱਟਰ ਉੱਤੇ ਜਾਰੀ ਕੀਤੇ ਗਏ ਬਿਆਨ ਵਿੱਚ ਓਟੂਲੇ ਨੇ ਆਖਿਆ ਕਿ ਉਹ ਕਿਸੇ ਵੀ ਪਰੇਡ ਵਿੱਚ ਹਿੱਸਾ ਲੈਣ ਲਈ ਤਿਆਰ ਹਨ ਬਸ਼ਰਤੇ ਵਰਦੀਧਾਰੀ ਪੁਲਿਸ ਨੂੰ ਉਸ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਜਾਵੇ। ...ਬਾਕੀ ਪੰਨਾ 6 'ਤੇ

# ਕਿਊਬਾ ਤੇ ਜਮਾਇਕਾ ਦਰਮਿਆਨ ਆਇਆ ਜ਼ਬਰਦਸਤ ਭੂਚਾਲ

## ਭੂਚਾਲ ਦੀ ਗਤੀ 7.7 ਮਾਪੀ ਗਈ




ਹਵਾਨਾ, 28 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਨੂੰ ਜਮਾਇਕਾ ਤੇ ਪੂਰਬੀ ਕਿਊਬਾ ਦਰਮਿਆਨ ਕੈਰੇਬੀਅਨ ਸੀਅ ਵਿੱਚ 7.7 ਦੀ ਗਤੀ ਦਾ ਭੂਚਾਲ ਆਉਣ ਕਾਰਨ ਮੈਕਸਿਕੋ ਤੋਂ ਲੈ ਕੇ ਫਲੋਰਿਡਾ ਤੱਕ ਦਾ ਇਲਾਕਾ ਹਿੱਲ ਗਿਆ। ਇਸ ਦੌਰਾਨ ਕਿਸੇ ਦੇ ਮਰਨ ਜਾਂ ਕਿਸੇ ਤਰ੍ਹਾਂ ਦੇ ਭਾਰੀ ਨੁਕਸਾਨ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।
ਯੂਐਸ ਜੀਓਲਾਜੀਕਲ ਸਰਵੇਅ ਅਨੁਸਾਰ ਭੂਚਾਲ ਦਾ ਕੇਂਦਰ ਮੌਂਟੀਐਗੋ ਬੇਅ, ਜਮਾਇਕਾ ਤੋਂ 139 ਕਿਲੋਮੀਟਰ ਉੱਤਰ ਪੱਛਮ ਵੱਲ ਤੇ ਨਿਕੁਏਰੋ, ਕਿਊਬਾ ਤੋਂ 140 ਕਿਲੋਮੀਟਰ ਪੱਛਮ-ਦੱਖਣਪੱਛਮ ਵਿੱਚ ਸਥਿਤ ਸੀ। ਭੂਚਾਲ ਦੁਪਹਿਰੇ 2:10 ਉੱਤੇ ਆਇਆ ਤੇ ਇਸ ਦਾ ਕੇਂਦਰ ਜ਼ਮੀਨ ਤੋਂ 10 ਕਿਲੋਮੀਟਰ ਹੇਠਾਂ ਸੀ। ਕਿਊਬਾ ਦੇ ਨੈਸ਼ਨਲ ਸੈਸਮੋਲੌਜੀਕਲ ਸਰਵਿਸ ਦੇ ਮੁਖੀ ਡਾ. ਐਨਰਿਕ ਅਰੈਂਗੋ ਐਰੀਆਸ ਨੇ ਮੀਡੀਆ ਨੂੰ ਦੱਸਿਆ ਕਿ ਕਿਸੇ ਵੱਡੇ ਨੁਕਸਾਨ ਦੀ ਕੋਈ ਜਾਣਕਾਰੀ ਨਹੀਂ ਮਿਲੀ ਹੈ।
ਮੈਕਸਿਕੋ ਦੇ ਕੁਇਨਤਾਨਾ ਰੂ ਦੇ ਗਵਰਨਰ ਕਾਰਲੌਸ ਜੋਆਕੁਇਨ ਗੌਂਜ਼ਾਲੇਜ਼ ਨੇ ਦੱਸਿਆ ਕਿ ਭੂਚਾਲ ਦੇ ਝਟਕੇ ਇਸ ਕੈਰੇਬੀਆਈ ਦੇਸ਼ ਦੇ ਕਈ ਹੇਠਲੇ ਹਿੱਸਿਆਂ ਵਿੱਚ ਮਹਿਸੂਸ ਕੀਤੇ ਗਏ ਪਰ ਕਿਸੇ ਵੱਡੇ ਨੁਕਸਾਨ ਆਦਿ ਦੀ ਕੋਈ ਖਬਰ ਨਹੀਂ ਹੈ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance • Critical illness Ins • Mortgage Insurance • Travel & Visitor Ins • Disability Insurance • RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance • Life & Disability • Critical illness • RESP • Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration • Real Estate / Commercial Law • Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੈਸਮੈਂਟ
COMMERCIAL: New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOU PLAN TODAY...FOR TOMORROW
Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP
www.ufsinsurance.com
JATINDERBIR S BAJWA Insurance Broker Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

Law Office of Aman Sharma
Real Estate • Commercial Lease • Business Purchase & Sale • Notarizations & Affidavits • Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
Jaswant Sehmbi: 647.524.0885

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance • Visitor Visa Insurance • Travel Insurance • Student Insurance • New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਸਕਾਰਬਰੋ ਗੁਰੂ ਘਰ ਵਿਖੇ ਤੜਕੇ ਹੋਈ ਚੋਰੀ

ਸਕਾਰਬਰੋ, 28 ਜਨਵਰੀ (ਪੋਸਟ ਬਿਊਰੋ)- ਕੱਲ੍ਹ ਸਕਾਰਬਰੋ ਗੁਰੂ ਘਰ ਵਿਖੇ ਦੋ ਪੰਜਾਬੀ ਵਿਅਕਤੀਆਂ ਵਲੋਂ ਤੜਕੇ ਪੌਣੇ 6 ਵਜੇ ਤੇ ਕਰੀਬ ਚੋਰੀ ਕੀਤੀ ਗਈ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਇਹ ਸਪੱਸ਼ਟ ਕਰਦੀ ਹੈ ਕਿ ਪਹਿਲਾਂ ਉਨ੍ਹਾਂ ਆ ਕੇ ਆਪਣੀ ਗੱਡੀ ਦੂਰ ਖੜ੍ਹੀ ਕੀਤੀ ਤੇ ਫੇਰ ਇਕ ਘੰਟਾ ਗੁਰੂ ਘਰ ’ਚ ਘੁੰਮਦੇ ਰਹੇ। ਬਾਅਦ ’ਚ ਰਿਸੈਪਸ਼ਨ ਡੈਸਕ ’ਤੇ ਜੋ ਖੁੱਲ੍ਹੇ ਪੈਸੇ ਦੇਣ ਲਈ ਕੁੱਝ ਨੋਟ ਰੱਖੇ ਹੁੰਦੇ ਹਨ, ਉਸ ਡਰਾਅਰ ਦਾ ਜਿੰਦਾ ਤੋੜ ਕੇ ਪੈਸੇ ਕੱਢ ਕੇ ਆਪਣੀ ਜੇਬ ’ਚ ਪਾ ਲਏ। ਇਸ ਘਟਨਾ ਨੂੰ ਦੋ ਵਿਅਕਤੀਆਂ ਨੇ ਅੰਜਾਮ ਦਿੱਤਾ। ਇਕ ਵਿਅਕਤੀ ਨੇ ਆਸੇ ਪਾਸੇ ਨਿਗ੍ਹਾ ਰੱਖੀ ਕਿ ਕੋਈ ਆ ਰਿਹਾ ਹੈ ਜਾਂ ਨਹੀਂ ਤੇ ਦੂਸਰੇ ਨੇ ਜਿੰਦਾ



ਤੋੜ ਕੇ ਪੈਸੇ ਕੱਢੇ। ਉਹ ਸੰਗਤ ਦੇ ਨਾਲ ਵੀ ਗੱਲਾਂ ਕਰਦੇ ਰਹੇ ਅਤੇ ਕਹਿੰਦੇ ਰਹੇ ਕਿ ਅਸੀਂ ਵੀ ਸੇਵਾ ਕਰਨ ਆਇਆ ਕਰਾਂਗੇ, ਪਰ ਉਹ ਆਪਣਾ ਕੰਮ ਕਰਕੇ ਤੁਰਦੇ ਬਣੇ। ਸੀ.ਸੀ.ਟੀ.ਵੀ. ਕੈਮਰੇ ’ਚ





ਕੈਦ ਹੋਈਆਂ ਤਸਵੀਰਾਂ ਦਰਸਾਉਂਦੀਆਂ ਹਨ ਕਿ ਇਕ ਅਧਖੜ ਉਮਰ ਦਾ ਵਿਅਕਤੀ ਹੈ ਤੇ ਦੂਸਰਾ ਨੌਜਵਾਨ ਹੈ। ਗੁਰੂ ਘਰ ਦੇ ਪ੍ਰਬੰਧਕਾਂ ਨੇ ਇਹ ਫੁਟੇਜ ਪੁਲਸ ਨੂੰ ਸੌਂਪ ਦਿੱਤੀ ਹੈ ਤੇ ਮਾਮਲਾ ਦਰਜ ਕਰਵਾ ਦਿੱਤਾ ਗਿਆ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਡੈਸਕ ’ਤੇ ਅਸੀਂ 500 ਤੋਂ 1000 ਡਾਲਰ ਦੇ ਕਰੀਬ ਰੱਖਦੇ ਹਾਂ ਤਾਂ ਜੋ ਲੋੜਵੰਦਾਂ ਨੂੰ ਖੁੱਲ੍ਹੇ ਨੋਟ ਦਿੱਤੇ ਜਾ ਸਕਣ। ਉਨ੍ਹਾਂ ਇਹ ਵੀ ਦੱਸਿਆ ਕਿ ਗੁਰੂ ਘਰ ਨੂੰ ਇਨ੍ਹਾਂ ਵਿਅਕਤੀਆਂ ਦੀ ਪਛਾਣ ਕਰਕੇ ਦੱਸਣ ਵਾਲੇ ਨੂੰ ਇਨਾਮ ਵੀ ਦਿੱਤਾ ਜਾਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

MISSISSAUGA BRAMPTON
AFFORDABLE LIVING
CAMBRIDGE KITCHENER WATERLOO

OPEN HOUSE On Feb 2nd From 2:00 to 4:00 pm
DOON SOUTH - KITCHENER
“ 4 BEDROOM HOME”
SEPARATE ENTRANCE TO BASEMENT
Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777


IN - LAW SUITE
“LUXURIOUS - LARGE CUSTOM 2 STORY IN - LAW SUIT FINISHED WALK OUT BASEMENT”
Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7” baseboards ad large casings, the 9” main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777

IN - LAW SUITE
“BEAUTIFUL BUNGALOW 3/4 ACRE LOT IN-LAW SUITE”
1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
Call Joseph today 519-575-2777

IN - LAW SUITE 2018
Gated Executive Community Large Custom Built Bungalow
OPEN HOUSE On Feb 2nd From 2:00 to 4:00 pm
“EXECUTIVE LARGE FAMILY HOME IN-LAW SUITE”
This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000.Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018
**Testimonials**
1) “Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !” R. MISTRY, Kitchener
2) “ I value Joseph’s knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

# ਡਾ. ਰੂਪ ਸਿੰਘ ਨੇ ਆਮਿਰ ਖਾਨ ਨੂੰ ਸਰਦਾਰ ਨਲਵਾ ਦਾ ਇਤਿਹਾਸ ਸੌਂਪਦਿਆਂ ਇਤਿਹਾਸਕ ਫਿਲਮ ਬਣਾਉਣ ਲਈ ਕਿਹਾ



ਅੰਮ੍ਰਿਤਸਰ, 28 ਜਨਵਰੀ (ਗਿਆਨ ਸਿੰਘ): ਸਿੱਖ ਜਰਨੈਲ ਸਰਦਾਰ ਹਰੀ ਸਿੰਘ ਨਲਵਾ ਬਾਰੇ ਪ੍ਰਸਿੱਧ ਅਦਾਕਾਰ ਆਮਿਰ ਖਾਨ ਨੂੰ ਫਿਲਮ ਬਣਾਉਣ ਦੇ ਦਿੱਤੇ ਗਏ ਸੁਝਾਅ ਤੋਂ ਬਾਅਦ ਹੁਣ ਇਕ ਕਦਮ ਹੋਰ ਅੱਗੇ ਵਧਾਉਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਉਸ (ਆਮਿਰ ਖਾਨ) ਨੂੰ ਸਰਦਾਰ ਨਲਵਾ ਦੇ ਇਤਿਹਾਸ ਨਾਲ ਸਬੰਧਤ ਕਿਤਾਬਾਂ ਸੌਂਪੀਆਂ ਹਨ। ਡਾ. ਰੂਪ ਸਿੰਘ ਜੋ ਟਾਟਾ ਮੈਮੋਰੀਅਲ ਕੈਂਸਰ ਹਸਪਤਾਲ ਮੁੰਬਈ ਨਾਲ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੇ ਹਸਪਤਾਲ ਸ੍ਰੀ ਅੰਮ੍ਰਿਤਸਰ ਦੇ ਇਕ ਸਮਝੌਤੇ ਸਬੰਧੀ ਮੁੰਬਈ ਗਏ ਸਨ, ਨੇ ਆਮਿਰ ਖਾਨ ਨਾਲ ਬੈਠਕ ਕੀਤੀ। ਇਸ ਮੌਕੇ ਉਨ੍ਹਾਂ ਨਾਲ ਡਾ. ਏ.ਪੀ. ਸਿੰਘ, ਡਾ. ਬਲਜੀਤ ਸਿੰਘ ਖੁਰਾਣਾ ਅਤੇ ਡਾ. ਜਸਕਰਨ ਸਿੰਘ ਵੀ ਮੌਜੂਦ ਸਨ।

ਦੱਸਣਯੋਗ ਹੈ ਕਿ ਬੀਤੀ 30 ਨਵੰਬਰ ਨੂੰ ਆਮਿਰ ਖਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਸਨ। ਇਸ ਦੌਰਾਨ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਿੱਖ ਯੋਧੇ ਸਰਦਾਰ ਹਰੀ ਸਿੰਘ ਨਲਵਾ ਸਬੰਧੀ ਇਤਿਹਾਸਕ ਫਿਲਮ ਬਣਾਉਣ ਦਾ ਸੁਝਾਅ ਦਿੱਤਾ ਸੀ। ਜਿਸ ’ਤੇ ਆਮਿਰ ਖਾਨ ਨੇ ਉਨ੍ਹਾਂ ਨੂੰ ਇਸ ਇਤਿਹਾਸ ਬਾਰੇ ਅੰਗਰੇਜ਼ੀ ਪੁਸਤਕਾਂ ਮੁਹੱਈਆ ਕਰਵਾਉਣ ਬਾਰੇ ਕਿਹਾ ਸੀ। ਇਹ ਵੀ ਵਰਨਣਯੋਗ ਹੈ ਕਿ ਆਮਿਰ ਖਾਨ ਇਨ੍ਹੀਂ ਦਿਨੀਂ ਸਿੱਖ ਕਿਰਦਾਰ ਨਾਲ ਸਬੰਧਤ ਫਿਲਮ ਲਾਲ ਸਿੰਘ ਚੱਢਾ ਬਣਾ ਰਹੇ ਹਨ।

ਡਾ. ਰੂਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਮੁੰਬਈ ਵਿਖੇ ਆਮਿਰ ਖਾਨ ਨੂੰ ਮਿਲ ਕੇ ਸਰਦਾਰ ਨਲਵਾ ਬਾਰੇ ਉਨ੍ਹਾਂ ਨੂੰ ਇਤਿਹਾਸਕ ਪੁਸਤਕਾਂ ਦਿੱਤੀਆਂ ਹਨ। ਉਨ੍ਹਾਂ ਦੱਸਿਆ ਕਿ ਆਮਿਰ ਖਾਨ ਨੂੰ ਦਿੱਤੀਆਂ ਗਈਆਂ ਕਿਤਾਬਾਂ ਵਿਚ ਸ. ਅਉਤਾਰ ਸਿੰਘ ਸੰਧੂ ਦੀ ਲਿਖੀ ਪੁਸਤਕ ‘ਹਰੀ ਸਿੰਘ ਨਲਵਾ’ ਅਤੇ ਸਰਦਾਰ ਨਲਵਾ ਦੇ ਵੰਸ਼ ਵਿੱਚੋਂ ਵਨੀਤ ਨਲਵਾ ਦੀ ਲਿਖੀ ‘ਚੈਪੀਅਨ ਆਫ ਦਾ ਖ਼ਾਲਸਾ ਜੀ’ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਦੋਵੇਂ ਪੁਸਤਕਾਂ ਬਹੁਤ ਮਹੱਤਵਪੂਰਨ ਹਨ, ਜਿਸ ਨੂੰ ਪ੍ਰਾਪਤ ਕਰਦਿਆਂ ਆਮਿਰ ਖਾਨ ਨੇ ਕਿਹਾ ਕਿ ਉਹ ਇਨ੍ਹਾਂ ਨੂੰ ਪੜ੍ਹਨਗੇ। ਡਾ. ਰੂਪ ਸਿੰਘ ਅਨੁਸਾਰ ਸਰਦਾਰ ਨਲਵਾ ਸਿੱਖ ਕੌਮ ਦੇ ਨਾਲ-ਨਾਲ ਪੂਰੇ ਵਿਸ਼ਵ ਦੇ ਨਾਇਕ ਹਨ। ਉਹ ਇਕਲੌਤੇ ਜਰਨੈਲ ਹਨ, ਜਿਸ ਨੇ ਅਫ਼ਗਾਨਿਸਤਾਨ ’ਤੇ ਜਿੱਤ ਹਾਸਲ ਕੀਤੀ ਸੀ। ਡਾ. ਰੂਪ ਸਿੰਘ ਨੇ ਕਿਹਾ ਕਿ ਆਮਿਰ ਖਾਨ ਨੇ ਅੰਮ੍ਰਿਤਸਰ ਫੇਰੀ ਦੌਰਾਨ ਸਰਦਾਰ ਨਲਵਾ ਸਬੰਧੀ ਜਾਣਕਾਰੀ ਹਾਸਲ ਕਰਦਿਆਂ ਵੱਡਾ ਪ੍ਰਭਾਵ ਕਬੂਲਿਆ ਸੀ। ਉਨ੍ਹਾਂ ਦੱਸਿਆ ਕਿ ਆਮਿਰ ਖਾਨ ਦੇ ਕਹਿਣ ਅਨੁਸਾਰ ਉਹ ਸਿੱਖ ਸੱਭਿਆਚਾਰ ਤੋਂ ਬੇਹੱਦ ਪ੍ਰਭਾਵਿਤ ਹਨ ਅਤੇ ਸਿੱਖ ਕਿਰਦਾਰ ਨਿਭਾਉਂਦਿਆਂ ਉਨ੍ਹਾਂ ਨੂੰ ਮਾਣਮੱਤਾ ਅਨੁਭਵ ਹੋਇਆ ਹੈ। ਡਾ. ਰੂਪ ਸਿੰਘ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸਿੱਖ ਜਰਨੈਲ ਦੇ ਜੀਵਨ ਤੋਂ ਭਵਿੱਖ ਦੀ ਪੀੜ੍ਹੀ ਨੂੰ ਜਾਣਕਾਰੀ ਮਿਲ ਸਕੇ। ਇਸੇ ਕਰਕੇ ਹੀ ਉਨ੍ਹਾਂ ਨੇ ਆਮਿਰ ਖਾਨ ਨੂੰ ਇਸ ਇਤਿਹਾਸ ਬਾਰੇ ਫਿਲਮ ਬਣਾਉਣ ਲਈ ਸੁਝਾਅ ਦਿੱਤਾ ਹੈ।



ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਹੁਸੈਨੀਵਾਲਾ ਵਿਖੇ ਰੀਟਰੀਟ ਸੈਰੇਮਨੀ ਦੇਖੀ, ਬੀਸੀਐਫ ਦੇ ਜਵਾਨਾਂ ਨੂੰ ਮਿਠਾਈ ਅਤੇ ਫਲ ਵੰਡ ਕੇ ਗਣਤੰਤਰਤਾ ਦਿਵਸ ਦੀ ਦਿੱਤੀ ਵਧਾਈ। ਉਨ੍ਹਾਂ ਬੀਐਸਐਫ ਦੇ ਜਵਾਨਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਸਾਡੀਆਂ ਸਰਹੱਦਾਂ ਦੇ ਰਖਵਾਲੇ ਹਨ, ਜਿਨ੍ਹਾਂ ਤੇ ਸਾਨੂੰ ਪੂਰਾ ਮਾਨ ਹੈ ਅਤੇ ਇਨ੍ਹਾਂ ਕਰ ਕੇ ਹੀ ਅੱਜ ਅਸੀਂ ਆਪਣੇ ਘਰਾਂ ਵਿਚ ਚੈਨ ਦੀ ਨੀਂਦ ਸੋ ਰਹੇ ਹਾਂ। ਇਸ ਤੋਂ ਪਹਿਲਾਂ ਸਵੇਰੇ ਕੈਬਨਿਟ ਮੰਤਰੀ ਵੱਲੋਂ ਗਣਤੰਤਰਤਾ ਦਿਵਸ ਦੇ ਸਮਾਰੋਹ ਵਿਚ ਝੰਡਾ ਲਹਿਰਾਉਣ ਦੀ ਰਸਮ ਵੀ ਅਦਾ ਕੀਤੀ ਗਈ।



ਗੁਰੂ ਨਾਨਕ ਸਟੇਡੀਅਮ, ਕਪੂਰਥਲਾ ਵਿਖੇ ਜ਼ਿਲਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਮੌਕੇ ਜ਼ਿਲਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਸੁਪਰਡੈਂਟ ਕੁਲਦੀਪ ਸਿੰਘ ਨੂੰ ਵਧੀਆ ਸੇਵਾਵਾਂ ਲਈ ਸਨਮਾਨਿਤ ਕਰਦੇ ਹੋਏ ਡਿਪਟੀ ਕਮਿਸ਼ਨਰ ਦੀਪਤੀ ਉੱਪਲ। ਨਾਲ ਹਨ ਐਸ. ਐਸ. ਪੀ ਕਪੂਰਥਲਾ ਸਤਿੰਦਰ ਸਿੰਘ ਤੇ ਹੋਰ।



ਗੁਰੂ ਨਾਨਕ ਸਟੇਡੀਅਮ, ਕਪੂਰਥਲਾ ਵਿਖੇ ਜ਼ਿਲਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਮੌਕੇ ਅਮਰਜੋਤ ਸਿੰਘ ਪੁੱਤਰ ਸ. ਜਤਿੰਦਰ ਪਾਲ ਸਿੰਘ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਗਾਏ ਤੇ ਸੰਭਾਲੇ ਜਾ ਰਹੇ 700 ਪੌਦਿਆਂ ਲਈ ਸਨਮਾਨਿਤ ਕਰਦੇ ਹੋਏ ਡਿਪਟੀ ਕਮਿਸ਼ਨਰ ਦੀਪਤੀ ਉੱਪਲ। ਨਾਲ ਹਨ ਐਸ. ਐਸ. ਪੀ ਕਪੂਰਥਲਾ ਸਤਿੰਦਰ ਸਿੰਘ ਤੇ ਹੋਰ।

# ਨੋਟਬੰਦੀ, ਜੀ.ਐੱਸ.ਟੀ. ਅਤੇ ਸੀ.ਏ.ਏ. ਨੇ ਸਹਾਇਕ ਖੇਤੀਬਾੜੀ ਨੂੰ ਬੁਰੀ ਤਰ੍ਹਾਂ ਸੱਟ ਮਾਰੀ : ਤ੍ਰਿਪਤ ਬਾਜਵਾ




ਚੰਡੀਗੜ੍ਹ, 28 ਜਨਵਰੀ (ਗਿਆਨ ਸਿੰਘ): ਕੇਂਦਰ ਸਰਕਾਰ ਦੀਆਂ ਨੋਟਬੰਦੀ, ਜੀ.ਐਸ.ਟੀ. ਅਤੇ ਸੀ.ਏ.ਏ. ਜਿਹੀਆਂ ਗਲਤ ਨੀਤੀਆਂ ਨੇ ਸਹਾਇਕ ਖੇਤੀਬਾੜੀ ਦੇ ਧੰਦੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਜਿਸ ਕਰਕੇ ਸਹਾਇਕ ਖੇਤੀਬਾੜੀ ਨਾਲ ਜੁੜੇ ਕਿਸਾਨਾਂ ਨੂੰ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੈ। ਉਕਤ ਪ੍ਰਗਟਾਵਾ ਪੰਜਾਬ ਦੇ ਪੇਂਡੂ ਵਿਕਾਸ ਤੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਇੱਥੇ ਫਿੱਕੀ ਅਤੇ ਨਾਬਾਰਡ ਦੇ ਲਾਈਵਲੀਹੁੱਡ ਫੋਰਮ-2020 ਦੁਆਰਾ ਕਰਵਾਈ ਗਈ ਇੱਕ ਦਿਨਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਮੰਤਰੀ ਨੇ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਬਾਵਜੂਦ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਬਚਾਉਣ ਲਈ ਸਹਾਇਕ ਖੇਤੀਬਾੜੀ ਧੰਦਿਆਂ ਨੂੰ ਵਿਕਸਤ, ਮਜ਼ਬੂਤ ਅਤੇ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ। ਮੰਤਰੀ ਨੇ ਸਹਾਇਕ ਖੇਤੀਬਾੜੀ ਦੀ ਸਫ਼ਲਤਾ ਲਈ ਅੰਤਰਰਾਸ਼ਟਰੀ ਓਪਨ ਮਾਰਕੀਟ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਿਨਾਂ ਕਿਸੇ ਰੋਕ ਦੇ ਇੰਟਰਨੈਸ਼ਨਲ ਮਾਰਕੀਟ ਵਿੱਚ ਆਪਣੇ ਉਤਪਾਦ ਵੇਚਣ ਦੀ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ।

ਬਾਜਵਾ ਨੇ ਅੱਗੇ ਕਿਹਾ ਕਿ ਸਹਾਇਕ ਖੇਤੀਬਾੜੀ ਸਬੰਧੀ ਨੀਤੀਆਂ ਤਿਆਰ ਕਰਨ ਸਮੇਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਸਫ਼ਲਤਾ ਅਤੇ ਅਸਫ਼ਲਤਾ ਦੇ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਸਾਰੇ ਸਬੰਧਤ ਵਿਭਾਗਾਂ ਜਿਵੇਂ ਖੇਤੀਬਾੜੀ, ਡੇਅਰੀ, ਪਸ਼ੂ ਪਾਲਣ, ਬਾਗਬਾਨੀ ਅਤੇ ਖੋਜ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ ਦੁਆਰਾ ਸਾਂਝੇ ਤੌਰ ’ਤੇ ਨੀਤੀਆਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਸਹਾਇਕ ਖੇਤੀਬਾੜੀ ਧੰਦਿਆਂ ਦੀ ਸਫ਼ਲਤਾ ਲਈ ਉਤਪਾਦਨ ਲਾਗਤ ਬਹੁਤ ਮਹੱਤਵਪੂਰਨ ਹੈ ਜਿਸਨੂੰ ਨੀਤੀਆਂ ਤਿਆਰ ਕਰਨ ਅਤੇ ਲਾਗੂ ਕਰਨ ਸਮੇਂ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੀਤੀ ਘਾੜਿਆਂ ਅਤੇ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਹਾਇਕ ਖੇਤੀਬਾੜੀ ਧੰਦਿਆਂ ਨਾਲ ਜੁੜੇ ਕਿਸਾਨਾਂ ਨੂੰ ਵਾਜਬ ਕੀਮਤਾਂ ’ਤੇ ਆਧੁਨਿਕ ਤਕਨਾਲੋਜੀ ਮੁਹੱਈਆ ਕਰਵਾਈ ਜਾਵੇ ਅਤੇ ਉਪਭੋਗਤਾਵਾਂ ਨੂੰ ਮਿਆਰੀ ਉਤਪਾਦਾਂ ਦੀ ਸਪਲਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੇ ਉਤਪਾਦਾਂ ਦਾ ਮੁੱਲ ਬਹੁਤ ਹੀ ਘੱਟ ਮਿਲਦਾ ਹੈ ਜਦਕਿ ਉਪਭੋਗਤਾਵਾਂ ਨੂੰ ਉਸਦਾ ਮੁੱਲ ਕਾਫ਼ੀ ਵੱਧ ਤਾਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪਾੜੇ ਨੂੰ ਪੂਰਨ ਦੀ ਲੋੜ ਹੈ ਤਾਂ ਜੋ ਕਿਸਾਨਾਂ ਨੂੰ ਉਨ੍ਹਾਂ ਦੇ ਉਤਪਾਦਾਂ ਦੀ ਸਹੀ ਕੀਮਤ ਮਿਲ ਸਕੇ ਜੋ ਖੇਤੀਬਾੜੀ ਸਹਾਇਕ ਧੰਦਿਆਂ ਨੂੰ ਲਾਭਦਾਇਕ ਬਣਾਉਣ ਵਿੱਚ ਕਾਫ਼ੀ ਸਹਾਈ ਹੋਵੇਗਾ।

ਅਜੋਕੇ ਸਮੇਂ ਦੇ ਇਕ ਹੋਰ ਮਹੱਤਵਪੂਰਣ ਪਹਿਲੂ ਮਿੱਟੀ ਦੀ ਉਪਜਾਊ ਸ਼ਕਤੀ ਬਾਰੇ ਗੱਲ ਕਰਦਿਆਂ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਜ਼ਮੀਨ ਦੀ ਸਟਰਲਾਈਜੇਸ਼ਨ ਅਤੇ ਮਿੱਟੀ ਦੀ ਜਾਂਚ ਸਬੰਧੀ ਸੇਵਾਵਾਂ ਵਾਜਬ ਕੀਮਤਾਂ ’ਤੇ ਉਨ੍ਹਾਂ ਦੇ ਦਰ ’ਤੇ ਹੀ ਮੁਹੱਈਆਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਸਟਰਲਾਈਜੇਸ਼ਨ ਨਾਲ ਉਤਪਾਦਕਤਾ ਵਿੱਚ ਵਾਧਾ ਹੁੰਦਾ ਹੈ ਜਿਸ ਲਈ ਨਾਬਾਰਡ ਅਤੇ ਹੋਰ ਸੰਸਥਾਵਾਂ ਨੂੰ ਇਸ ਸੇਵਾ ਲਈ ਸਹਾਇਤਾ ਪ੍ਰਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਇਕੱਲੇ ਕਿਸਾਨ ਇਹਨਾਂ ਸੇਵਾਵਾਂ ਦੇ ਭਾਰੀ ਖ਼ਰਚੇ ਸਹਿਣ ਨਹੀਂ ਕਰ ਸਕਦੇ। ਮੰਤਰੀ ਨੇ ਇਹ ਵੀ ਕਿਹਾ ਕਿ ਖੇਤੀਬਾੜੀ ਸਹਾਇਕ ਧੰਦਿਆਂ ਨੂੰ ਵਿਕਸਿਤ ਕਰਨ ਲਈ ਨਾਬਾਰਡ ਨੂੰ ਕੁਦਰਤੀ ਆਫ਼ਤਾਂ ਜਾਂ ਕਿਸੇ ਬਿਮਾਰੀ ਕਰਕੇ ਫ਼ਸਲਾਂ ਦੇ ਨੁਕਸਾਨ ਜਾਂ ਪਸ਼ੂਆਂ ਦੀ ਮੌਤ ਦਾ ਨੁਕਸਾਨ ਵੀ ਸਹਿਣ ਕਰਨਾ ਚਾਹੀਦਾ ਹੈ।

ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਨ ਵਾਲੇ ਪਤਵੰਤਿਆਂ ਵਿੱਚ ਪਸ਼ੂ ਪਾਲਣ ਵਿਭਾਗ ਦੇ ਸੱਕਤਰ ਰਾਜ ਕਮਲ ਚੌਧਰੀ, ਇੰਡੀਗ੍ਰਾਮ ਗਰੁੱਪ ਦੇ ਡਾਇਰੈਕਟਰ ਡਾ. ਦਿਨੇਸ਼ ਚੌਹਾਨ, ਕਮਿਸ਼ਨਰ ਖੇਤੀਬਾੜੀ, ਪੰਜਾਬ ਡਾ. ਬਲਵਿੰਦਰ ਸਿੰਘ ਸਿੱਧੂ, ਨਾਬਾਰਡ ਦੇ ਚੀਫ਼ ਜਨਰਲ ਮੈਨੇਜਰ ਜੇ ਪੀ ਐਸ ਬਿੰਦਰਾ ਅਤੇ ਫਿੱਕੀ ਦੇ ਰੀਜਨਲ ਹੈੱਡ ਜੀ.ਬੀ. ਸਿੰਘ ਸ਼ਾਮਲ ਸਨ।

# ਸੜਕੀ ਹਾਦਸਿਆਂ ਦੇ ਅੰਕੜਿਆਂ ਅਤੇ ਬਲੈਕ ਸਪੌਟਸ ਰਿਪੋਰਟ ਦੀ ਕਿਤਾਬ ਜਾਰੀ



ਮੋਗਾ, 28 ਜਨਵਰੀ (ਗਿਆਨ ਸਿੰਘ): ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਸ੍ਰੀ ਗੁਰਪ੍ਰੀਤ ਸਿੰਘ ਕਾਂਗੜ, ਅਤੇ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਦੁਆਰਾ ਹਾਦਸੇ ਦੇ ਅੰਕੜਿਆਂ ਅਤੇ ਬਲੈਕ ਸਪੌਟਸ ਤੇ ਵਿਸਥਾਰਪੂਰਵਕ ਰਿਪੋਰਟ ਦੀ ਕਿਤਾਬ ਜਾਰੀ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮੋਗਾ ਡਾ. ਹਰਜੋਤ ਕਮਲ, ਸੀਨੀਅਰ ਕਪਤਾਨ ਪੁਲਿਸ ਅਮਰਜੀਤ ਸਿੰਘ ਬਾਜਵਾ, ਵਧੀਕ ਡਿਪਟੀ ਕਮਿਸ਼ਨਰ ਅਨੀਤਾ ਦਰਸ਼ੀ, ਨਗਰ ਸੁਧਾਰ ਟਰਸਟ ਦੇ ਚੇਅਰਮੈਨ ਵਿਨੋਦ ਬਾਂਸਲ, ਕਪਤਾਨ ਪੁਲਿਸ ਰਤਨ ਸਿੰਘ ਬਰਾੜ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਦੱਸਿਆ ਕਿ ਇਹ ਕਿਤਾਬ ਜੋ ਕਿ ਪੰਜਾਬ ਸਰਕਾਰ ਵੱਲੋਂ ਇੱਕ ਉਪਰਾਲੇ ਵਜੋਂ ਪੰਜਾਬ ਵਿਜ਼ਨ ਜ਼ੀਰੋ ਤਹਿਤ ਤਿਆਰ ਕੀਤੀ ਗਈ ਹੈ ਜੋ ਕਿ ਰਾਜ ਵਿੱਚ ਸੜਕ ਦੁਰਘਟਨਾਵਾਂ ਦੇ ਗਰਾਫ ਨੂੰ ਹੇਠਾਂ ਲਿਆਉਣ ਦਾ ਤੰਦਰੁਸਤ ਪੰਜਾਬ ਅਧੀਨ ਇੱਕ ਉਪਾਲਾ ਹੈ। ਇਹ ਰਿਪੋਰਟ ਸੜਕ ਸੁਰੱਖਿਆ ਇੰਜੀਨੀਅਰ ਓਮ ਪ੍ਰਕਾਸ਼ ਵੱਲੋ ਬਣਾਈ ਗਈ ਹੈ। ਇਹ ਪੰਜਾਬ ਵਿਜ਼ਨ ਜੀਰੋ ਪ੍ਰੋਗਰਾਮ ਟ੍ਰੈਫਿਕ ਸਲਾਹਕਾਰ ਡਾ: ਨਵਦੀਪ ਅਸੀਜਾ ਅਤੇ ਪੰਜਾਬ ਵਿਜ਼ਨ ਜ਼ੀਰੋ ਦੇ ਪ੍ਰੋਜੈਕਟ ਮੈਨੇਜਰ ਅਰਬਾਬ ਅਹਿਮਦ ਦੀ ਨਿਗਰਾਨੀ ਹੇਠ ਚੱਲ ਰਿਹਾ ਹੈ। ਡਿਪਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੋਗਾ ਵਿੱਚ ਸੜਕ ਸੁਰੱਖਿਆ 'ਤੇ ਕਾਫ਼ੀ ਕੰਮ ਹੋਣ ਕਰਕੇ ਜ਼ਿਲ੍ਹੇ ਦੀਆਂ ਸੜਕੀ ਦੁਰਘਟਨਾਵਾਂ ਘੱਟ ਵਾਪਰੀਆਂ ਹਨ।


ਉਨ੍ਹਾਂ ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਤਿੰਨ ਮਹੀਨਿਆਂ ਦੇ ਕਰੀਬ ਅਧਿਐਨ ਮੁਤ-ਾਬਿਕ ਜੇਕਰ ਅਸੀ ਮਹੀਨਾ ਦਰ ਮਹੀਨਾ ਦੀ ਗੱਲ ਕਰੀਏ ਤਾਂ ਸਭ ਤੋ ਜਿਆਦਾ ਸੜਕੀ ਦੁਰਘਟਨਾਵਾਂ ਜਨਵਰੀ, ਮਾਰਚ ਅਤੇ ਅਕਤੂਬਰ ਵਿੱਚ ਵਾਪਰੀਆਂ ਅਤੇ ਸਭ ਤੋ ਵੱਧ ਸੜਕੀ ਦੁਰਘਟਨਾਵਾਂ ਸਮੇ ਅਨੁਸਾਰ ਮੋਗਾ ਜ਼ਿਲ੍ਹੇ ਵਿੱਚ 12 ਤੋ 3 ਅਤੇ 6 ਤੋ 9 ਵਜੇ ਦੇ ਵਿਚਕਾਰ ਹੋ ਰਹੀਆਂ ਹਨ। ਜੇਕਰ ਦਿਨਾਂ ਦੇ ਅਨੁਸਾਰ ਗੱਲ ਕਰੀਏ ਤਾਂ ਸ਼ੁੱਕਰਵਾਰ ਸ਼ਨੀਵਾਰ ਅਤੇ ਬੁੱਧਵਾਰ ਨੂੰ ਸੜਕੀ ਦੁਰਘਟਨਾਵਾਂ ਜਿਆਦਾ ਹੁੰਦੀਆਂ ਹਨ। ਪੁਲਿਸ ਸਟੇਸ਼ਨ ਦੇ ਅਨੁਸਾਰ ਗੱਲ ਕਰੀਏ ਤਾਂ ਬਾਘਾਪੁਰਾਣਾ ਧਰਮਕੋਟ ਸਿਟੀ ਮੋਗਾ ਅਤੇ ਕੋਟ ਈਸੇ ਖਾਂ ਦੇ ਖੇਤਰ ਵਿੱਚ ਜਿਆਦਾ ਸੜਕੀ ਹਾਦਸ਼ੇ ਵਾਪਰਦੇ ਹਨ।

ਉਨ੍ਹਾਂ ਦੱਸਿਆਦ ਕਿ ਮੋਗਾ ਜ਼ਿਲ੍ਹੇ ਵਿੱਚ 9 ਬਲੈਕ ਸਪੋਟ ਹਨ ਇਨ੍ਹਾਂ ਨੌ ਬਲੈਕ ਸਪੋਟਾਂ ਤੇ ਸਾਲ 2016,17,18 ਵਿੱਚ ਸੜਕੀ ਦੁਰਘਟਨਾਵਾਂ ਨਾਲ 53 ਲੋਕਾਂ ਨੇ ਆਪਣੀਆਂ ਕੀਮਤੀ ਜਾਨਾਂ ਗੁਆ ਦਿੱਤੀਆਂ ਹਨ। ਜ਼ਿਲ੍ਹਾ ਮੋਗਾ ਵਿੱਚ ਸਭ ਤੋ ਵੱਧ ਦੋ ਪਹੀਆ ਵਾਹਨ ਚਲਾਉਣ ਵਾਲੇ ਸੜਕੀ ਦੁਰਘਟਨਾਵਾਂ ਦਾ ਸ਼ਿਕਾਰ ਹੋਏ ਹਨ ਅਤੇ ਉਨ੍ਹਾ ਨੇ ਆਪਣੀਆਂ ਕੀਮਤੀ ਜਾਨਾਂ ਗੁਆਈਆਂ ਹਨ ਕਿਉਕਿ ਦੋ ਪਹੀਆ ਵਾਹਨ ਚਲਾਉਣ ਵਾਲੇ ਹਿਲਮਟ ਨਹੀ ਪਾਉਦੇ।











# ਸੰਪਾਦਕੀ

## ਗੰਨ ਕੰਟਰੋਲ ਪਹੁੰਚ ਨੂੰ ਲੈ ਕੇ ਮੱਤਭੇਦ

ਕੱਲ ਗਰੇਟਰ ਟੋਰਾਂਟ ਏਰੀਆ ਵਿੱਚ ਪੈਂਦੇ ਸ਼ਹਿਰਾਂ ਟੋਰਾਂਟੋ, ਬਰੈਂਪਟਨ, ਮਿਸੀਸਾਗਾ, ਪਿਕਰਿੰਗ ਅਤੇ ਮਾਰਖਮ ਦੇ ਮੇਅਰਾਂ ਨੇ ਇੱਕ ਸਾਂਝੀ ਮੀਟਿੰਗ ਕਰਕੇ ਫੈਡਰਲ ਸਰਕਾਰ ਨੂੰ ਵਿਸ਼ੇਸ਼ ਕਰਕੇ ਸੱਦਾ ਦਿੱਤਾ ਕਿ ਨਿੱਤ ਦਿਨ ਵੱਧਦੇ ਜਾ ਰਹੇ ਹਿੰਸਾ ਦੇ ਮਾਹੌਲ ਨੂੰ ਠੱਲ ਪਾਉਣ ਲਈ ਕੁੱਝ ਕਦਮ ਜਲਦੀ ਤੋਂ ਜਲਦੀ ਚੁੱਕੇ ਜਾਣ। ਮੇਅਰਾਂ ਵੱਲੋਂ ਕੀਤੀਆਂ ਸਿਫਾਰਸ਼ਾਂ ਵਿੱਚ ਹਿੰਸਾਂ ਲਈ ਜੁੰਮੇਵਾਰ ਵਿਅਕਤੀਆਂ ਲਈ ਜਮਾਨਤ ਦੀਆਂ ਸ਼ਰਤਾਂ ਨੂੰ ਹੋਰ ਕਰੜਾ ਕਰਨਾ, ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣਾ ਅਤੇ ਹਿੰਸਾਂ ਤੋਂ ਪ੍ਰਭਾਵਿਤ ਯੁਵਕਾਂ ਨੂੰ ਸਹੀ ਲੀਹ ਉੱਤੇ ਲਿਆਉਣ ਲਈ ਫੈਡਰਲ ਸਰਕਾਰ ਦੁਆਰਾ ਫੰਡ ਦਿੱਤੇ ਜਾਣਾ ਸ਼ਾਮਲ ਹੈ। ਮੇਅਰਾਂ ਦੀ ਇਸ ਮੀਟਿੰਗ ਵਿੱਚ ਟੋਰਾਂਟੋ ਪੁਲੀਸ ਵੱਲੋਂ ਪੇਸ਼ ਕੀਤੀ ਗਈ ਜਾਣਕਾਰੀ ਮੁਤਾਬਕ ਸਾਲ 2019 ਵਿੱਚ ਫੜੀਆਂ ਗਈਆਂ ਨਜ਼ਾਇਜ਼ ਗੰਨਾਂ ਵਿੱਚੋਂ 75% ਅਮਰੀਕਾ ਦੇ ਬਾਰਡਰ ਰਾਹੀਂ ਦਾਖਲ ਹੋਈਆਂ। ਇਸਦੇ ਉਲਟ ਉਂਟੇਰੀਓ ਦੀ ਸੌਲੀਸਟਿਰ ਜਨਰਲ ਸਿਲਵੀਆ ਜੋਨਜ਼ ਮੁਤਾਬਕ ਜੇ ਸਮੁੱਚੇ ਉਂਟੇਰੀਓ ਦੇ ਅੰਕੜੇ ਵੇਖੇ ਜਾਣ ਤਾਂ ਬਾਰਡਰ ਪਾਰ ਕਰਕੇ ਆਉਣ ਵਾਲੀਆਂ ਨਜ਼ਾਇਜ ਗੰਨਾਂ ਦੀ ਦਰ 84% ਹੈ।

ਫੈਡਰਲ ਸਰਕਾਰ ਮੇਅਰਾਂ ਵੱਲੋਂ ਪਾਈ ਗਈ ਗੁਹਾਰ ਤੋਂ ਉਲਟ ਰਣਨੀਤੀ ਉੱਤੇ ਚੱਲਣ ਦੀ ਕੋਸ਼ਿਸ਼ ਕਰ ਰਹੀ ਹੈ। ਪਿਛਲੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਾਅਦਾ ਕੀਤਾ ਸੀ ਕਿ ਹਿੰਸਾ ਨੂੰ ਰੋਕਣ ਲਈ ਮਿਲਟਰੀ ਸਟਾਈਲ ਦੇ ਹਥਿਆਰਾਂ ਉੱਤੇ ਪਾਬੰਦੀ ਲਾਉਣ ਲਈ ਨਵਾਂ ਕਾਨੂੰਨ ਬਣਾਇਆ ਜਾਵੇਗਾ। ਸਾਲ 2020 ਦੇ ਪਹਿਲੇ ਪਾਰਲੀਮੈਂਟ ਸੈਸ਼ਨ ਵਿੱਚ ਇਸ ਬਿੱਲ ਨੂੰ ਪੇਸ਼ ਕਰਕੇ ਫਟਾਫਟ ਪਾਸ ਕੀਤੇ ਜਾਣ ਦੀ ਆਸ ਹੈ। ਬੀਤੇ ਦਿਨੀਂ ਕੈਲਗਰੀ ਵਿੱਚ ਹੋਈ ਫੈਡਰਲ ਵਜ਼ਾਰਤ ਦੀ 'ਰੀਟਰੀਟ' ਵਿੱਚ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨੇ ਮਿਲਟਰੀ ਸਟਾਈਲ ਹਥਿਆਰਾਂ ਉੱਤੇ ਪਾਬੰਦੀ ਬਾਰੇ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਸੀ। ਕਮਿਉਨਿਟੀ ਸੇਫਟੀ ਲਈ ਕੰਮ ਕਰਨ ਵਾਲੇ ਕਾਰਕੁਨ ਫੈਡਰਲ ਸਰਕਾਰ ਅਤੇ ਸਥਾਨਕ ਸਰਕਾਰਾਂ ਦੀ ਪਹੁੰਚ ਤੋਂ ਪੈਦਾ ਹੋਈ ਸਥਿਤੀ ਕਾਰਣ ਸ਼ਸ਼ੋਪੰਜ ਵਿੱਚ ਹਨ ਕਿ ਆਖਰ ਨੂੰ ਹਿੰਸਾਂ ਦੀ ਸਮੱਸਿਆ ਨੂੰ ਖਤਮ ਕਰਨ ਲਈ ਕੌਣ ਸਹੀ ਹੈ ਅਤੇ ਕੌਣ ਗਲਤ!

ਵਰਨਣਯੋਗ ਹੈ ਕਿ ਫੈਡਰਲ ਸਰਕਾਰ ਦੀ ਗੰਨ ਪਾਬੰਦੀ ਵਿਰੁੱਧ ਇੱਕ ਪਟੀਸ਼ਨ ਦਸੰਬਰ ਵਿੱਚ ਆਰੰਭ ਕੀਤੀ ਗਈ ਸੀ ਜਿਸ ਉੱਤੇ 1 ਲੱਖ ਤੋਂ ਵੱਧ ਲੋਕਾਂ ਨੇ ਦਸਤਖਤ ਕੀਤੇ ਹਨ। ਇਸ ਪਟੀਸ਼ਨ ਨੂੰ ਕੈਨੇਡਾ ਦੇ ਇਤਿਹਾਸ ਵਿੱਚ ਸੱਭ ਤੋਂ ਵੱਧ ਵੱਡੀਆਂ ਪਟੀਸ਼ਨਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਕਾਨੂੰਨੀ ਪ੍ਰਕਿਰਿਆ ਅਪਣਾ ਕੇ ਗੰਨ ਰੱਖਣ ਵਾਲੇ ਕੈਨੇਡੀਅਨ ਅਪਰਾਧੀ ਨਹੀਂ ਹਨ ਜਿਹਨਾਂ ਦੀਆਂ ਗੰਨਾਂ ਖੋਹਣ ਦੀ ਥਾਂ ਬਾਰਡਰ ਪਾਰ ਤੋਂ ਆਉਣ ਵਾਲੀਆਂ ਨਜ਼ਾਇਜ ਗੰਨਾਂ ਨੂੰ ਰੋਕਣ ਦੀ ਲੋੜ ਹੈ ਜੋ ਅਪਰਾਧੀਆਂ ਦੇ ਹੱਥਾਂ ਵਿੱਚ ਪੁੱਜਦੀਆਂ ਹਨ। ਪਿੱਛੇ ਜਿਹੇ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨੇ ਕਿਹਾ ਸੀ ਕਿ ਮਿਲਟਰੀ ਸਟਾਈਲ ਗੰਨਾਂ ਉੱਤੇ ਪਾਬੰਦੀ ਤੋਂ ਬਾਅਦ ਸਰਕਾਰ ਲੋਕਾਂ ਦੀਆਂ ਗੰਨਾਂ ਨੂੰ ਖਰੀਦ ਲਵੇਗੀ। ਉਸਦੇ ਆਪਣੇ ਅੰਦਾਜ਼ੇ ਮੁਤਾਬਕ ਕੈਨੇਡਾ ਵਿੱਚ ਢਾਈ ਲੱਖ ਦੇ ਕਰੀਬ ਸੈਮੀ-ਆਟੋਮੈਟਿਕ ਅਸਾਟਲ ਰਾਈਫਲਾਂ ਹਨ ਜਿਹਨਾਂ ਨੂੰ ਮੁੜ ਖਰੀਦਣ ਉੱਤੇ ਫੈਡਰਲ ਬਿੱਲ ਦੇ 250 ਮਿਲੀਅਨ ਡਾਲਰ ਖਰਚ ਹੋ ਸਕਦੇ ਹਨ। ਥੰਡਰਬੇਅ ਤੋਂ ਲਿਬਰਲ ਐਮ ਪੀ ਮਾਰਕਸ ਪੋਅਲੋਵਸਕੀ ਅਤੇ ਕਈ ਹੋਰਾਂ ਦਾ ਆਖਣਾ ਹੈ ਕਿ ਜਦੋਂ ਕੈਨੇਡਾ ਵਿੱਚ ਮਿਲਟਰੀ ਸਟਾਈਲ ਗੰਨ ਦੀ ਕੋਈ ਇੱਕ ਪ੍ਰੀਭਾਸ਼ਾ ਹੀ ਨਹੀਂ ਹੈ ਤਾਂ ਸਰਕਾਰ ਕਿਹੜੀਆਂ ਗੰਨਾਂ ਉੱਤੇ ਪਾਬੰਦੀ ਲਾਵੇਗੀ? ਇੱਕ ਹੋਰ ਮਸਲਾ ਹੈਂਡਗੰਨਾਂ ਦਾ ਹੈ। ਫੈਡਰਲ ਸਰਕਾਰ ਹੈਂਡਗੰਨਾਂ ਉੱਤੇ ਪਾਬੰਦੀ ਲਾਉਣ ਦਾ ਫੈਸਲਾ ਮਿਉਂਸੀਪਲ ਕਾਉਂਸਲਾਂ ਉੱਤੇ ਛੱਡਣਾ ਚਾਹੁੰਦੀ ਹੈ ਜਦੋਂ ਕਿ ਜੀ ਟੀ ਏ ਸਮੇਤ ਬਹੁਤ ਸਾਰੇ ਕੈਨੇਡੀਅਨ ਸ਼ਹਿਰਾਂ ਦੇ ਮੇਅਰ ਇਸ ਬੈਨ ਨੂੰ ਫੈਡਰਲ ਪੱਧਰ ਉੱਤੇ ਲਾਏ ਜਾਣ ਦੇ ਹੱਕ ਵਿੱਚ ਹਨ।

ਫੈਡਰਲ ਅੰਕੜਾ ਵਿਭਾਗ ਮੁਤਾਬਕ ਸਾਲ 2013 ਤੋਂ 2017 ਵਿੱਚ ਗੰਨ ਹਿੰਸਾਂ ਦੀਆਂ ਵਾਰਦਾਤਾਂ ਵਿੱਚ 40% ਇਜਾਫਾ ਹੋਇਆ ਹੈ ਜਿਸਦਾ ਜ਼ਿਅਦਾ ਕਰਕੇ ਪ੍ਰਭਾਵ ਟੋਰਾਂਟੋ ਏਰੀਆ ਵਿੱਚ ਵੇਖਿਆ ਗਿਆ। ਪੀਲ ਰੀਜਨ ਵਿੱਚ ਜੇ 2016 ਵਿੱਚ 11 ਕਤਲ ਹੋਏ ਸਨ ਤਾਂ 2018 ਵਿੱਚ ਇਹਨਾਂ ਦੀ ਗਿਣਤੀ 23 ਅਤੇ 2019 ਵਿੱਚ ਨਵੰਬਰ ਤੱਕ 26 ਸੀ। ਪੀਲ ਵਿੱਚ ਬਹੁ ਗਿਣਤੀ ਕਤਲ ਘਰੇਲੂ ਹਿੰਸਾ ਕਾਰਣ ਹੋਏ ਜਿਸਦਾ ਇੱਕ ਕਾਰਣ ਮਾਨਸਿਕ ਸਿਹਤ ਮੰਨਿਆ ਜਾਂਦਾ ਹੈ। ਇਹਨਾਂ ਸਾਰੀਆਂ ਪਹੁੰਚਾਂ ਦੇ ਚੱਲਦੇ ਆਮ ਆਦਮੀ ਲਈ ਇਹ ਸਮਝ ਬਣਾਉਣੀ ਔਖੀ ਹੈ ਕਿ ਮਸਲੇ ਦੇ ਹੱਲ ਲਈ ਕੌਣ ਸਹੀ ਹੈ ਅਤੇ ਕੌਣ। ਆਮ ਨਾਗਰਿਕ ਪਰੇਸ਼ਾਨ ਹੈ ਕਿ ਵੱਡੇ ਵੱਡੇ ਬਿਆਨਾਂ ਦੇ ਬਾਵਜੂਦ ਸਾਡੀਆਂ ਸੜਕਾਂ ਪਹਿਲਾਂ ਨਾਲੋਂ ਘੱਟ ਸੁਰੱਖਿਅਤ ਹਨ ਅਤੇ ਕਮਿਉਨਿਟੀ ਦੇ ਯੁਵਕ ਹਰ ਸਾਲ ਵਧੇਰੇ ਗਿਣਤੀ ਵਿੱਚ ਹਿੰਸਾ, ਨਸ਼ਿਆਂ ਅਤੇ ਚੋਰੀ ਦੀਆਂ ਵਾਰਦਾਤਾਂ ਵੱਲ ਖਿੱਚੇ ਚਲੇ ਜਾ ਰਹੇ ਹਨ।

## ਡੀਲ ਸਿਰੇ ਚੜ੍ਹਨ ਤੱਕ ਓਨਟਾਰੀਓ ਦੇ ਅਧਿਆਪਕ ਜਾਰੀ ਰੱਖਣਗੇ ਹੜਤਾਲਾਂ ਦਾ ਸਿਲਸਿਲਾ

ਓਨਟਾਰੀਓ, 28 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਸਰਕਾਰ ਨਾਲ ਗੱਲਬਾਤ ਵਿੱਚ ਆਈ ਖੜੋਤ ਕਾਰਨ ਅਧਿਆਪਕਾਂ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਓਨਟਾਰੀਓ ਦੇ ਪਬਲਿਕ ਐਲੀਮੈਂਟਰੀ ਸਕੂਲਜ਼ ਅਗਲੇ ਹਫਤੇ ਦੋ ਦਿਨ ਲਈ ਬੰਦ ਰਹਿਣਗੇ। ਪ੍ਰੋਵਿੰਸ ਦੀ ਸੱਭ ਤੋਂ ਵੱਡੀ ਐਜੂਕੇਸ਼ਨ ਯੂਨੀਅਨ, ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ (ਈਟੀਐਫਓ)-ਜਿਸ ਦੇ 83000 ਮੈਂਬਰ ਹਨ, ਨੇ ਸੋਮਵਾਰ ਨੂੰ ਆਖਿਆ ਕਿ ਉਹ ਪ੍ਰੋਵਿੰਸ ਭਰ ਵਿੱਚ 6 ਫਰਵਰੀ ਨੂੰ ਮੁਕੰਮਲ ਹੜਤਾਲ ਕਰਨਗੇ। ਇਸ ਦੇ ਨਾਲ ਹੀ ਹਫਤਾਭਰ ਸਿਲਸਿ-ਲੇਵਾਰ ਹੜਤਾਲਾਂ ਵੀ ਚੱਲਣਗੀਆਂ। ਯੂਨੀਅਨ ਨੇ ਆਖਿਆ ਕਿ ਜਦੋਂ ਤੱਕ ਡੱਗ ਫੋਰਡ ਦੀ ਸਰਕਾਰ ਨਾਲ ਕਰਾਰ ਸਿਰੇ ਨਹੀਂ ਚੜ੍ਹ ਜਾਂਦਾ ਉਦੋਂ ਤੱਕ ਹਰ ਰੋਜ਼ ਕਿਸੇ ਨਾ ਕਿਸੇ ਪਬਲਿਕ ਬੋਰਡ ਨੂੰ ਇਹ ਹੜਤਾਲ ਪ੍ਰਭਾਵਿਤ ਕਰੇਗੀ। ਜਿਸ ਤੋਂ ਭਾਵ ਹੈ ਕਿ ਇੱਕ ਹਫਤੇ ਵਿੱਚ ਦੋ ਦਿਨ ਸਕੂਲ ਬੰਦ ਰਹਿਣਗੇ। ਦੂਜੇ ਪਾਸੇ ਮਾਪੇ ਚਾਈਲਡ ਕੇਅਰ ਨੂੰ ਲੈ ਕੇ ਚਿੰਤਤ ਹਨ।

ਇੱਥੇ ਦੱਸਣਾ ਬਣਦਾ ਹੈ ਕਿ ਦੋਵਾਂ ਪਾਸਿਆਂ ਤੋਂ ਕਿਸੇ ਵੀ ਤਰ੍ਹਾਂ ਦੀ ਕੋਈ ਗੱਲਬਾਤ ਨਹੀਂ ਹੋ ਰਹੀ। ਪ੍ਰੋਵਿੰਸ ਭਰ ਦੀਆਂ ਐਜੂਕੇਸ਼ਨ ਯੂਨੀਅਨਜ਼ ਕਿਸੇ ਨਾਲ ਕਿਸੇ ਤਰ੍ਹਾਂ ਦੀ ਹੜਤਾਲ ਕਰ ਰਹੀਆਂ ਹਨ। ਅਜਿਹਾ 20 ਸਾਲਾਂ ਵਿੱਚ ਪਹਿਲੀ ਵਾਰੀ ਹੋ ਰਿਹਾ ਹੈ ਕਿ ਪ੍ਰੋਵਿੰਸ ਤੇ ਐਜੂਕੇਸ਼ਨ ਯੂਨੀਅਨ ਦਰਮਿਆਨ ਤਣਾਅ ਵੱਧ ਰਿਹਾ ਹੈ। ਅਗਲੇ ਹਫਤੇ ਹੋਣ ਵਾਲੀ ਹੜਤਾਲ ਨਾਲ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ, ਕੈਨੇਡਾ ਦੇ ਸੱਭ ਤੋਂ ਵੱਡੇ ਸਕੂਲ ਡਿਸਟ੍ਰਿਕਟ, ਯੌਰਕ ਰੀਜਨਲ ਡਿਸਟ੍ਰਿਕਟ ਸਕੂਲ ਬੋਰਡ ਪ੍ਰਭਾਵਤ ਹੋਣਗੇ। ਅਗਲੇ ਸ਼ੁੱਕਰਵਾਰ ਨੂੰ ਯੂਨੀਅਨ ਦੀਆਂ ਸਿਲਸਿ-ਲੇਵਾਰ ਹੜਤਾਲਾਂ ਹੋਣਗੀਆਂ। ਹੋਰ ਸਕੂਲ ਬੋਰਡ ਵੀ ਇਸੇ ਤਰ੍ਹਾਂ ਹੀ ਪ੍ਰਭਾਵਿਤ ਹੋਣਗੇ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇਕ ਬਿਆਨ ਵਿੱਚ ਆਖਿਆ ਕਿ ਯੂਨੀਅਨ ਦੀ ਅਗਵਾਈ ਵਾਲੇ ਇਸ ਫੈਸਲੇ ਨਾਲ ਪਰਿਵਾਰਾਂ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਸਾਡੇ ਵਿਦਿਆਰਥੀਆਂ ਦੇ ਖਰਚੇ ਉੱਤੇ ਵੱਧ ਭੱਤੇ ਤੇ ਬੈਨੇਫਿਟਸ ਦੀ ਮੰਗ ਕਰਨਾ ਕਿੰਨਾ ਕੁ ਜਾਇਜ਼ ਹੈ। ਮਾਪਿਆਂ ਤੇ ਵਿਦਿਆਰਥੀਆਂ ਨੂੰ ਇਹ ਮਨਜ਼ੂਰ ਨਹੀਂ ਹੈ।

## ਟੋਰਾਂਟੋ ਪਰੇਡ 'ਚ ਹਿੱਸਾ ਲੈਣਗੇ ਮੈਕੇਅ ਤੇ ਗਲੈਡੂ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਟੋਰਾਂਟੋ ਪ੍ਰਾਈਡ ਨੇ ਵਰਦੀਧਾਰੀ ਪੁਲਿਸ ਨੂੰ ਪਰੇਡ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਸੀ ਦਿੱਤੀ। ਪੁਲਿਸ ਅਧਿਕਾਰੀਆਂ ਨੂੰ ਉਸ ਸੂਰਤ ਵਿੱਚ ਹੀ ਹਿੱਸਾ ਲੈਣ ਦੀ ਇਜਾਜ਼ਤ ਸੀ ਜੇ ਉਹ ਵਰਦੀ ਧਾਰਨ ਨਹੀਂ ਕਰਦੇ। ਮੰਗਲਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਓਟੂਲੇ ਨੇ ਆਖਿਆ ਕਿ ਉਨ੍ਹਾਂ ਦੇ ਨਜ਼ਰੀਏ ਵਿੱਚ ਸਾਰੇ ਕੈਨੇਡੀਅਨਾਂ ਨੂੰ ਬਰਾਬਰ ਸਮਝਿਆ ਜਾਣਾ ਚਾਹੀਦਾ ਹੈ।ਮੰਗਲਵਾਰ ਨੂੰ ਕੀਤੇ ਐਲਾਨ ਵਿੱਚ ਮੈਕੇਅ ਨੇ ਵੱਖਰਾ ਸੁਰ ਅਲਾਪਿਆ। ਉਨ੍ਹਾਂ ਟਵਿੱਟਰ ਉੱਤੇ ਆਖਿਆ ਕਿ ਉਹ ਇਸ ਪਰੇਡ ਵਿੱਚ ਜਾਂ ਤਾਂ ਪਾਰਟੀ ਆਗੂ ਵਜੋਂ ਤੇ ਜਾਂ ਫਿਰ ਪ੍ਰਾਈਵੇਟ ਨਾਗਰਿਕ ਵਜੋਂ ਹਿੱਸਾ ਲੈਣ ਲਈ ਅਪਲਾਈ ਕਰਨਗੇ। ਮੈਕੇਅ ਨੇ ਇਹ ਵੀ ਆਖਿਆ ਕਿ ਪ੍ਰਾਈਡ ਪਰੇਡਜ਼ ਅਹਿਮ ਹੁੰਦੀਆਂ ਹਨ। ਉਨ੍ਹਾਂ ਆਖਿਆ ਕਿ ਅਸੀਂ ਅਜਿਹੇ ਸੰਸਾਰ ਵਿੱਚ ਰਹਿ ਰਹੇ ਹਾਂ ਜਿੱਥੇ ਜ਼ਾਲਮ ਤੇ ਕੱਟੜਪੰਥੀਆਂ ਵੱਲੋਂ ਸੈਕਸੂਅਲ ਝੁਕਾਅ ਤੇ ਲਿੰਗਕ ਪਛਾਣ ਕਾਰਨ ਲੋਕਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸਾਰੇ ਕੰਜ਼ਰਵੇਟਿਵ ਉਨ੍ਹਾਂ ਨਾਲ ਇਸ ਪਰੇਡ ਵਿੱਚ ਸ਼ਾਮਲ ਹੋਣਗੇ।

ਇੱਕ ਹੋਰ ਕੰਜ਼ਰਵੇਟਿਵ ਲੀਡਰਸ਼ਿਪ ਦਾਅਵੇਦਾਰ ਮੈਰੀਲਿਨ ਗਲੈਡੂ ਦੀ ਟੀਮ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਵੀ ਪਰੇਡ ਵਿੱਚ ਹਿੱਸਾ ਲਵੇਗੀ।

## ਕਿਊਬਾ ਤੇ ਜਮਾਇਕਾ ਦਰਮਿਆਨ ਆਇਆ ਜ਼ਬਰਦਸਤ ਭੂਚਾਲ

...ਪੰਨਾ 1 ਦਾ ਬਾਕੀ

ਪੈਸੇਫਿਕ ਸੁਨਾਮੀ ਵਾਰਨਿੰਗ ਸੈਂਟਰ ਵੱਲੋਂ ਸ਼ੁਰੂ ਵਿੱਚ ਇਹ ਚੇਤਾਵਨੀ ਵੀ ਦਿੱਤੀ ਗਈ ਸੀ ਕਿ ਭੂਚਾਲ ਨਾਲ ਕਿਊਬਾ, ਜਮਾਇਕਾ, ਕੇਅਮੈਨ ਆਈਲੈਂਡਜ਼, ਹੌਂਡੂਰਾਜ਼, ਮੈਕਸਿਕੋ ਤੇ ਬੈਲੀਜ਼ ਵਿੱਚ ਆਮ ਨਾਲੋਂ ਇੱਕ ਤੋਂ 3 ਫੁੱਟ ਤੱਕ ਉੱਚੀਆਂ ਲਹਿਰਾਂ ਉੱਠ ਸਕਦੀਆਂ ਹਨ ਪਰ ਬਾਅਦ ਵਿੱਚ ਇਹ ਮੈਸੇਜ ਦਿੱਤਾ ਗਿਆ ਕਿ ਖਤਰਾ ਟਲ ਚੁੱਕਿਆ ਹੈ।

ਭੂਚਾਲ ਤੋਂ ਬਾਅਦ ਕਈ ਹੋਰ ਝਟਕੇ ਵੀ ਮਹਿਸੂਸ ਕੀਤੇ ਗਏ, ਜਿਨ੍ਹਾਂ ਵਿੱਚੋਂ ਇੱਕ ਦੀ ਗਤੀ 6.1 ਮਾਪੀ ਗਈ। ਭੂਚਾਲ ਐਨਾ ਜ਼ਬਰਦਸਤ ਸੀ ਕਿ ਇਸ ਦੇ ਝਟਕੇ ਸੈਂਟੀਆਗੋ, ਗੁਆਂਟਨਾਮੋ ਬੇਅ, ਕਿਊਬਾ ਦੇ ਯੂਐਸ ਨੇਵੀ ਟਿਕਾਣੇ, ਦੱਖਣੀ ਫਲੋਰਿਡਾ, ਕੇਅਮੈਨ ਆਈਲੈਂਡਜ਼, ਵੈਰਾਕਰੂਜ਼ ਵਿੱਚ ਵੀ ਮਹਿਸੂਸ ਕੀਤੇ ਗਏ।

## ਚੀਨ 'ਚ ਫਸੇ 126 ਕੈਨੇਡੀਅਨਾਂ ਨੇ ਦੇਸ਼ ਪਰਤਣ ਲਈ ਕੀਤੀ ਮਦਦ ਦੀ ਮੰਗ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਸਰਕਾਰ ਅਜੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਨ੍ਹਾਂ ਕੈਨੇਡੀਅਨਾਂ ਨੂੰ ਵਾਪਿਸ ਦੇਸ਼ ਵਿੱਚ ਲੈ ਕੇ ਆਉਣ ਦੇ ਨਤੀਜੇ ਕੀ ਹੋਣਗੇ। ਉਨ੍ਹਾਂ ਇਹ ਵੀ ਆਖਿਆ ਕਿ ਹਾਲ ਦੀ ਘੜੀ ਸਾਰੇ ਬਦਲਾਂ ਉੱਤੇ ਸੋਚ ਵਿਚਾਰ ਚੱਲ ਰਿਹਾ ਹੈ। ਇਸ ਵਿੱਚ ਹੋਰਨਾਂ ਦੇਸ਼ਾਂ ਤੋਂ ਮਦਦ ਮੰਗਣ ਤੋਂ ਲੈ ਕੇ ਉਚੇਚੇ ਚਾਰਟਰਡ ਜਹਾਜ਼ਾਂ ਨੂੰ ਚੀਨ ਭੇਜਣ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।

ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਉਨ੍ਹਾਂ ਦੀ ਮੁੱਖ ਤਰਜੀਹ ਕੈਨੇਡੀਅਨਾਂ ਦੀ ਸਿਹਤ ਦੀ ਹਿਫਾਜ਼ਤ ਕਰਨਾ ਹੈ ਫਿਰ ਭਾਵੇਂ ਕੈਨੇਡੀਅਨ ਦੇਸ਼ ਵਿੱਚ ਹੋਣ ਜਾਂ ਵਿਦੇਸ਼ ਵਿੱਚ ਹੋਣ। ਇਸ ਸਮੇਂ ਅਸੀਂ ਸਾਰੇ ਆਪਣੇ ਅਧਿਕਾਰੀਆਂ ਨਾਲ ਰਲ ਕੇ ਯੋਜਨਾ ਤਿਆਰ ਕਰ ਰਹੇ ਹਾਂ ਤੇ ਅਜਿਹਾ ਹੁੰਦੇ ਸਾਰ ਅਸੀਂ ਇਸ ਬਾਰੇ ਵਿਸਥਾਰਪੂਰਬਕ ਜਾਣਕਾਰੀ ਦੇਵਾਂਗੇ।

## ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਲਈ ਰਸਤਾ ਸਾਫ਼

### * ਮੁਆਫੀ ਦੀ ਅਰਜ਼ੀ ਵਾਪਸ, ਦੋਸ਼-ਪੱਤਰ ਦਾਇਰ



ਯੇਰੂਸ਼ਲਮ, 28 ਜਨਵਰੀ, (ਪੋਸਟ ਬਿਊਰੋ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਉੱਤੇ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦਾ ਰਾਹ ਸਾਫ਼ ਹੋ ਗਿਆ ਹੈ। ਉਨ੍ਹਾਂ ਨੇ ਇਸ ਕੇਸ ਵਿਚ ਛੋਟ ਲਈ ਪਾਰਲੀਮੈਂਟ ਤੋਂ ਮੁਆਫੀ ਮੰਗਣ ਦੀ ਅਰਜ਼ੀ ਵਾਪਸ ਲੈ ਲਈ ਹੈ। ਇਸ ਪਿੱਛੋਂ ਤਿੰਨ ਕੇਸਾਂ ਵਿਚ ਉਨ੍ਹਾਂ ਨੂੰ ਦੋਸ਼ੀ ਮੰਨਿਆ ਗਿਆ ਹੈ।

ਵਰਨਣ ਯੋਗ ਹੈ ਕਿ ਇਜ਼ਰਾਈਲ ਦੇ ਇਤਿਹਾਸ ਵਿਚ ਬੈਂਜਾਮਿਨ ਨੇਤਨਯਾਹੂ ਪਹਿਲੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੂੰ ਏਦਾਂ ਦੇ ਕੇਸ ਦਾ ਸਾਹਮਣਾ ਕਰਨਾ ਪਵੇਗਾ। ਇਸ ਕਾਨੂੰਨੀ ਪ੍ਰਕਿਰਿਆ ਵਿੱਚ ਕਈ ਸਾਲ ਲੱਗ ਸਕਦੇ ਹਨ।

ਅਟਾਰਨੀ ਜਨਰਲ ਅਵੀਚਾਈ ਮਾਂਡੇਲਿਬਟ ਨੇ ਅੱਜ ਮੰਗਲਵਾਰ ਪ੍ਰਧਾਨ ਮੰਤਰੀ ਖਿਲਾਫ ਯੇਰੂਸ਼ਲਮ ਦੀ ਅਦਾਲਤ ਵਿਚ ਦੋਸ਼-ਪੱਤਰ ਪੇਸ਼ ਕੀਤਾ, ਜਿਸ ਵਿਚ 70 ਸਾਲਾ ਨੇਤਨਯਾਹੂ ਉੱਤੇ ਰਿਸ਼ਵਤ ਲੈਣ, ਧੋਖਾਧੜੀ ਅਤੇ ਭਰੋਸਾ ਤੋੜਨ ਦੇ ਦੋਸ਼ ਲਾਏ ਗਏ ਹਨ। ਨਿਆਂ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਪਾਰਲੀਮੈਂਟ ਤੋਂ ਛੋਟ ਲੈਣ ਦੀ ਅਪੀਲ ਰੱਦ ਹੋਣ ਪਿੱਛੋਂ ਕਿਸੇ ਵੀ ਪਾਰਲੀਮੈਂਟ ਮੈਂਬਰ ਨਾਲ ਸਾਧਾਰਨ ਨਾਗਰਿਕ ਵਾਂਗ ਵਿਹਾਰ ਕੀਤਾ ਜਾਂਦਾ ਹੈ। ਸਭ ਤੋਂ ਲੰਬੇ ਸਮਾ ਪ੍ਰਧਾਨ ਮੰਤਰੀ ਰਹਿਣ ਵਾਲੇ ਨੇਤਨਯਾਹੂ ਨੇ ਭ੍ਰਿਸ਼ਟਾਚਾਰ ਦੇ ਕੇਸ ਵਿਚ ਛੋਟ ਮੰਗਣ ਦੀ ਅਰਜ਼ੀ ਵਾਪਸ ਲੈ ਲਈ ਸੀ। ਉਨ੍ਹਾਂ ਨੇ ਫੇਸਬੁੱਕ ਪੋਸਟ ਰਾਹੀਂ ਆਪਣਾ ਫ਼ੈਸਲਾ ਦੱਸਿਆ ਹੈ। ਇਜ਼ਰਾਈਲੀ ਕਾਨੂੰਨ ਹੇਠ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਦੋਸ਼ੀ ਐਲਾਨੇ ਜਾਣ ਦੇ ਬਾਵਜੂਦ ਨੇਤਨਯਾਹੂ ਨੂੰ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਲੋੜ ਨਹੀਂ, ਅਦਾਲਤੀ ਫੈਸਲੇ ਉੱਤੇ ਹੀ ਅਸਤੀਫ਼ਾ ਦੇਣਾ ਪਵੇਗਾ।

ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅੱਜ ਮੰਗਲਵਾਰ ਕਿਹਾ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਲਈ ਮਾਫ਼ੀ ਮੰਗਣ ਦੀ ਅਰਜ਼ੀ ਪਾਰਲੀਮੈਂਟ ਤੋਂ ਵਾਪਸ ਲੈ ਲਈ ਹੈ। ਉਨ੍ਹਾ ਨੇ ਟਵੀਟ ਕਰ ਕੇ ਕਿਹਾ ਕਿ ਉਨ੍ਹਾਂ ਸਪੀਕਰ ਨੂੰ ਦੱਸਿਆ ਹੈ ਕਿ ਉਹ ਆਪਣੀ ਮਾਫ਼ੀ ਦੀ ਅਰਜ਼ੀ ਵਾਪਸ ਲੈ ਰਹੇ ਹਨ। ਇਸ ਅਰਜ਼ੀ ਉੱਤੇ ਅੱਜ ਪਾਰਲੀਮੈਂਟ ਵਿੱਚ ਵੋਟਿੰਗ ਹੋਣ ਵਾਲੀ ਸੀ। ਨੇਤਨਯਾਹੂ ਦੇ ਵਿਰੋਧੀ ਕਹਿ ਰਹੇ ਸਨ ਕਿ ਉਹ ਉਸ ਨੂੰ ਭ੍ਰਿਸ਼ਟਾਚਾਰ ਕੇਸ ਦੀ ਮਾਫ਼ੀ ਨਹੀਂ ਦੇਣ ਦੇਣਗੇ। ਨੇਤਨਯਾਹੂ ਆਪਣੇ ਉੱਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਰੱਦ ਕਰਦੇ ਹਨ। ਵਰਨਣ ਯੋਗ ਹੈ ਕਿ ਨੇਤਨਯਾਹੂ ਉੱਤੇ ਇਜ਼ਰਾਈਲ ਵਿਚ ਪੈਦਾ ਹੋਏ ਹਾਲੀਵੁੱਡ ਦੇ ਫਿਲਮ ਨਿਰਮਾਤਾ ਅਰਨੋਨ ਮਿਲਚਨ ਸਮੇਤ ਕਈ ਅਮੀਰ ਲੋਕਾਂ ਤੋਂ ਮਹਿੰਗੇ ਤੋਹਫ਼ੇ ਲੈਣ ਅਤੇ ਆਪਣੇ ਪੱਖ ਵਿਚ ਖ਼ਬਰ ਛਾਪਣ ਬਦਲੇ ਇਕ ਅਖ਼ਬਾਰ ਦੇ ਵਿਰੋਧੀ ਅਖ਼ਬਾਰ ਨੂੰ ਕਮਜ਼ੋਰ ਕਰਨ ਅਤੇ ਇਕ ਟੈਲੀਕਾਮ ਕੰਪਨੀ ਦੇ ਹਿੱਤ ਵਿਚ ਫ਼ੈਸਲਾ ਲੈਣ ਦਾ ਵੀ ਦੋਸ਼ ਹੈ।

## ਡੋਨਾਲਡ ਟਰੰਪ ਵੱਲੋਂ ਮੱਧ-ਪੂਰਬ ਵਿੱਚ ਸ਼ਾਂਤੀ ਯੋਜਨਾ ਦਾ ਐਲਾਨ

ਵਾਸ਼ਿੰਗਟਨ, 28 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੱਧ-ਪੂਰਬ ਵਿਚ ਸ਼ਾਂਤੀ ਕਾਇਮ ਕਰਨ ਲਈ ਆਪਣੀ ਅਹਿਮ ਯੋਜਨਾ ਦਾ ਐਲਾਨ ਕੀਤਾ ਅਤੇ ਕਿਹਾ ਹੈ ਕਿ ਇਹ ਦੋ ਦੇਸ਼ਾਂ ਬਾਰੇ ਏਦਾਂ ਦਾ ਹੱਲ ਹੈ, ਜਿਸ ਉੱਤੇ ਅਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਕਿਸੇ ਵੀ ਇਜ਼ਰਾਈਲੀ ਜਾਂ ਫਲਸਤੀਨੀ ਨੂੰ ਉਨ੍ਹਾਂ ਦੇ ਘਰਾਂ ਤੋਂ ਉਜਾੜਿਆ ਨਹੀਂ ਜਾਵੇਗਾ।

ਅੱਜ ਵ੍ਹਾਈਟ ਹਾਊਸ ਵਿਚ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜ਼ਾਮਿਨ ਨੇਤਨਯਾਹੂ ਦੇ ਨਾਲ ਆਪਣੇ ਪੀਸ ਪਲਾਨ ਦਾ ਐਲਾਨ ਕਰਦੇ ਹੋਏ ਡੋਨਾਲਡ ਟਰੰਪ ਨੇ ਇਸ ਨੂੰ ਫਲਸਤੀਨੀਆਂ ਲਈ ਆਖਰੀ ਮੌਕਾ ਕਿਹਾ। ਪਹਿਲਾਂ ਲੀਕ ਹੋ ਗਈ ਇਸ ਯੋਜਨਾ ਨੂੰ ਫਲਸਤੀਨ ਪਹਿਲਾਂ ਹੀ ਰੱਦ ਕਰ ਚੁੱਕਾ ਹੈ। ਵ੍ਹਾਈਟ ਹਾਊਸ ਵਿਚ ਰਾਸ਼ਟਰਪਤੀ ਟਰੰਪ ਨੇ ਆਖਿਆ ਕਿ ਅੱਜ ਇਜ਼ਰਾਈਲ ਨੇ ਸ਼ਾਂਤੀ ਵੱਲ ਇਕ ਹੋਰ ਵੱਡਾ ਕਦਮ ਚੁੱਕਿਆ ਹੈ। ਫਲਸਤੀਨੀ ਲੋਕ ਗਰੀਬੀ ਅਤੇ ਹਿੰਸਾ ਦੇ ਸ਼ਿਕਾਰ ਹਨ। ਕੁਝ ਲੋਕ ਅੱਤਵਾਦ ਵਧਾਉਣ ਲਈ ਇਨ੍ਹਾਂ ਨੂੰ ਪਿਆਦਿਆਂ ਵਾਂਗ ਵਰਤ ਕੇ ਇਨ੍ਹਾਂ ਦਾ ਸੋਸ਼ਣ ਕਰਦੇ ਹਨ। ਇਨ੍ਹਾਂ ਨੂੰ ਇਸ ਤੋਂ ਬਿਹਤਰ ਜ਼ਿੰਦਗੀ ਮਿਲਣੀ ਚਾਹੀਦੀ ਹੈ। ਇਹ ਪਹਿਲਾ ਮੌਕਾ ਹੈ ਕਿ ਇਜ਼ਰਾਈਲ ਨੇ ਉਹ ਪ੍ਰਸਤਾਵਤ ਨਕਸ਼ਾ ਵੀ ਜਾਰੀ ਕੀਤਾ ਹੈ, ਜਿਹੜਾ ਦੱਸਦਾ ਹੈ ਕਿ ਇਜ਼ਰਾਈਲ ਸ਼ਾਂਤੀ ਲਈ ਕਿੱਦਾਂ ਦੇ ਖੇਤਰੀ ਸਮਝੌਤੇ ਲਈ ਤਿਆਰ ਹੈ। ਟਰੰਪ ਨੇ ਕਿਹਾ ਕਿ ਇਸ ਯੋਜਨਾ ਹੇਠ ਪੂਰਬੀ ਯੇਰੂਸ਼ਲਮ ਵਿਚ ਇਕ ਫਲਸਤੀਨ ਰਾਜਧਾਨੀ ਬਣਨ ਦੇ ਲਈ ਥਾਂ ਮਿਲੇਗੀ, ਜਿਥੇ ਅਮਰੀਕਾ ਮਾਣ ਨਾਲ ਆਪਣਾ ਦੂਤਘਰ ਖੋਲ੍ਹੇਗਾ, ਪਰ ਉਨ੍ਹਾ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਯੋਜਨਾ ਨਾਲ ਇਜ਼ਰਾਈਲ ਦੇ ਕਬਜ਼ੇ ਵਾਲੇ ਵੈਸਟ ਬੈਂਕ ਦੇ ਇਲਾਕੇ ਵਿਚ ਕਟੌਤੀ ਨਹੀਂ ਕੀਤੀ ਜਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਿਸੀਸਾਗਾ ਵਿੱਚ ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ




ਟੋਰਾਂਟੋ, 28 ਜਨਵਰੀ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਮਿਸੀਸਾਗਾ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ 16 ਸਾਲਾ ਲੜਕੇ ਨੂੰ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੀਲ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਰਾਤੀਂ 9:30 ਵਜੇ ਤੋਂ ਠੀਕ ਪਹਿਲਾਂ ਐਰਿਨ ਮਿਲਜ਼ ਪਾਰਕਵੇਅ ਤੇ ਬਰਨਹਾਮਥੌਰਪੇ ਰੋਡ ਏਰੀਆ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਕਾਰਨ ਇਲਾਕੇ ਵਿੱਚ ਸੱਦਿਆ ਗਿਆ। ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚ ਕੇ ਉਨ੍ਹਾਂ ਇੱਕ ਟੀਨੇਜਰ ਨੂੰ ਜ਼ਖ਼ਮੀ ਹਾਲਤ ਵਿੱਚ ਵੇਖਿਆ। ਉਸ ਦੇ ਜ਼ਖ਼ਮ ਕਾਫੀ ਡੂੰਘੇ ਸਨ।

ਫਿਰ ਜ਼ਖ਼ਮੀ ਟੀਨੇਜਰ ਨੂੰ ਜ਼ਖ਼ਮਾਂ ਦੇ ਇਲਾਜ ਲਈ ਟਰੌਮਾ ਸੈਂਟਰ ਲਿਜ-ਾਇਆ ਗਿਆ। ਪੁਲਿਸ ਨੇ ਦੱਸਿਆ ਕਿ ਤਿੰਨ ਮਸ਼ਕੂਕਾਂ ਨੂੰ ਇਸ ਘਟਨਾ ਦੇ ਸਬੰਧ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ ਹੈ।








GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648






# ਇਹੀ ਮੇਰੇ ਵਾਰਸ ਨੇ...

-ਸੁਖਪਾਲ ਕੌਰ ਸੁੱਖੀ

ਮੈਂ ਹਾਲੇ ਦਫਤਰ ਦਾ ਦਰਵਾਜ਼ਾ ਖੋਲ੍ਹਿਆ ਹੀ ਸੀ ਕਿ ਦੋ ਛੋਟੀਆਂ ਪਿਆਰੀਆਂ ਬੱਚੀਆਂ ਮੈਲੇ ਕੁਚੈਲੇ ਕੱਪੜਿਆਂ ਨਾਲ ਮੇਰੇ ਕਮਰੇ ਵਿੱਚ ਆ ਗਈਆਂ। ਸੱਠ ਸਾਲ ਦਾ ਬਾਬਾ, ਜਿਸ ਤੋਂ ਚੰਗੀ ਤਰ੍ਹਾਂ ਖੜਿਆ ਨਹੀਂ ਜਾ ਰਿਹਾ ਸੀ, ਉਨ੍ਹਾਂ ਦੇ ਪਿੱਛੇ ਕਮਰੇ ਵਿੱਚ ਆ ਗਿਆ। ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਸ ਨੇ ਮੇਰੇ ਵੱਲ ਬੱਚੀ ਦਾ ਆਧਾਰ ਕਾਰਡ ਕਰ ਦਿੱਤਾ। ਆਧਾਰ ਕਾਰਡ 'ਤੇ ਬੱਚੀ ਦਾ ਨਾਂ 'ਸਕੀਨਾ' ਲਿਖਿਆ ਸੀ। ਮੈਂ ਬਾਬੇ ਨੂੰ ਬੈਠਣ ਲਈ ਕਿਹਾ।

ਦਫਤਰ ਦਾ ਮੇਜ਼ ਠੀਕ ਕਰਕੇ ਮੈਂ ਬਾਬੇ ਨੂੰ ਪੁੱਛਿਆ, 'ਬਾਬਾ ਜੀ ਕਿਸ ਕੰਮ ਲਈ ਆਏ ਹੋ।'

ਬਾਬੇ ਨੇ ਤਰਲੇ ਭਰੀ ਆਵਾਜ਼ ਨਾਲ ਕਿਹਾ, 'ਪੁੱਤ ਮੈਂ ਤਾਂ ਤੇਰੇ ਕੋਲ ਬੜੀ ਆਸ ਲੈ ਕੇ ਆਇਆ ਹਾਂ।' ਬਾਬੇ ਦੀ ਭਾਸ਼ਾ ਵਿੱਚ ਪੋਠੋਹਾਰੀ ਦਾ ਰਲੇਵਾਂ ਸੀ।

ਮੈਂ ਫਿਰ ਪੁੱਛਿਆ ਕਿ 'ਬਾਬਾ ਕੀ ਬਿਮਾਰੀ ਹੈ ਗੁੜੀਆ ਨੂੰ?' ਮੈਂ ਇਸ਼ਾਰੇ ਨਾਲ ਬੱਚੀ ਨੂੰ ਆਪਣੇ ਕੋਲ ਸੱਦਿਆ ਤਾਂ ਉਹ ਕੁਝ ਸੰਗ ਗਈ ਤੇ ਆਪਣੀ ਛੋਟੀ ਭੈਣ ਦੇ ਨਾਲ ਲੱਗ ਕੇ ਖੜੋ ਗਈ। ਮੇਰੇ ਇਹ ਕਹਿਣ 'ਤੇ ਕਿ ਹੁਣ ਸਭ ਠੀਕ ਹੋ ਜਾਵੇਗਾ, ਬਾਬੇ ਨੂੰ ਕੁਝ ਸਕੂਨ ਮਿਲਿਆ।

ਬਾਬੇ ਨੇ ਕੁਰਸੀ ਉਪਰ ਠੀਕ ਹੋ ਕੇ ਬੈਠਦੇ ਹੋਏ ਕਿਹਾ, 'ਪੁੱਤ, ਮੈਂ ਅਨਪੜ੍ਹ ਹਾਂ, ਪਰ ਇਹ ਕੁੜੀਆਂ ਕੁਝ ਪੜ੍ਹ ਲਿਖ ਜਾਣ ਤਾਂ ਇਨ੍ਹਾਂ ਦਾ ਕੁਝ ਬਣ ਜਾਵੇਗਾ। ਧੀਏ, ਮੈਂ ਸਕੂਲ ਗਿਆ ਸੀ। ਉਨ੍ਹਾਂ ਨੇ ਇਨ੍ਹਾਂ ਨੂੰ ਦਾਖਲ ਕਰਨ ਤੋਂ ਨਾਂਹ ਕਰ ਦਿੱਤੀ ਤੇ ਮੈਨੂੰ ਇਹ ਕਹਿ ਕਿ ਭਜਾ ਦਿੱਤਾ ਕਿ ਇਹ ਨਹੀਂ ਪੜ੍ਹ ਸਕਦੀ, ਇਹਦਾ ਦਿਮਾਗ ਨਹੀਂ। ਪੁੱਤ ਮੇਰੇ ਕੋਲ ਆਹ ਇਸ ਦਾ ਆਧਾਰ ਕਾਰਡ ਹੈ। ਮੇਰੀ ਪੋਤੀ ਜਮਾਂ ਠੀਕ ਹੈ। ਮੈਂ ਦੁਬਾਰਾ ਅੱਜ ਗਿਆ ਸੀ ਤੜਕੇ ਤਾਂ ਉਨ੍ਹਾਂ ਕਿਹਾ ਕਿ ਜਨਮ ਪੱਤਰੀ ਲਿਆ ਇਹਦੀ, ਫੇਰ ਦਾਖਲ ਕਰਾਂਗੇ। ਮੈਂ ਬਹੁਤ ਵਾਰ ਮਿੰਨਤਾਂ ਤਰਲੇ ਕੀਤੇ, ਪਰ ਸਰਕਾਰੀ ਸਕੂਲ ਵਾਲਿਆਂ ਨੇ ਨਾਂਹ ਕਰ ਦਿੱਤੀ।' ਇੰਨਾ ਕਹਿ ਕੇ ਬਾਬਾ ਰੋਣ ਲੱਗ ਪਿਆ।

ਮੇਰਾ ਵੀ ਮਨ ਭਰ ਆਇਆ ਸੀ। ਮੈਂ ਆਧਾਰ ਕਾਰਡ ਦੇਖਿਆ ਤਾਂ ਬੱਚੀ ਦੀ ਜਨਮ ਤਰੀਕ 21 ਅਕਤੂਬਰ 2009 ਸੀ। ਬੱਚੀ ਦੇਖਣ ਵਿੱਚ ਬਿਲਕੁਲ ਠੀਕ ਸੀ। ਉਸ ਦੀ ਸਕੂਲ ਜਾਣ ਦੀ ਉਮਰ ਸੀ। ਬਾਬੇ ਨੂੰ ਚੁੱਪ ਕਰਾਇਆ ਤੇ ਪੁੱਛਿਆ, 'ਬਾਬਾ ਜੀ ਤੁਸੀਂ ਇਨ੍ਹਾਂ ਦੇ ਦਾਦਾ ਹੋ?'

ਬਾਬੇ ਨੇ ਆਪਣੀਆਂ ਅੱਖਾਂ ਕੁੜਤੇ ਦੀ ਬਾਂਹ ਨਾਲ ਪੂੰਝਦੇ ਹੋਏ ਕਿਹਾ, 'ਧੀਏ ਹਾਂ, ਮੈਂ ਇਨ੍ਹਾਂ ਦਾ ਦਾਦਾ ਹਾਂ। ਮੇਰਾ ਮੁੰਡਾ ਤੇ ਨੂੰਹ ਦੋਵੇਂ ਕਣਕ ਵੱਢਣ ਗਏ ਨੇ। ਪੁੱਤ ਸਾਲ ਭਰ ਦੇ ਦਾਣਿਆਂ ਦਾ ਵੀ ਇੰਤਜ਼ਾਮ ਕਰਨਾ ਹੈ। ਮੈਂ ਆਪ ਰਿਕਸ਼ਾ ਚਲਾਉਂਦਾ ਪੁੱਤ।' ਇੰਨਾ ਕਹਿ ਕੇ ਬਾਬਾ ਜੀ ਚੁੱਪ ਹੋ ਗਏ ਤੇ ਉਸ ਦੇ ਕੋਲ ਖੜੀ ਵੱਡੀ ਪੋਤੀ ਉਸ ਦੀਆਂ ਅੱਖਾਂ ਪੂੰਝਣ ਲੱਗ ਪਈ।

ਮੈਂ ਬਾਬੇ ਦਾ ਪਿੰਡ ਤੇ ਸਕੂਲ ਦਾ ਨਾਂ ਪੁੱਛਿਆ ਅਤੇ ਜ਼ਿਲਾ ਸਿੱਖਿਆ ਅਫਸਰ ਦੇ ਦਫਤਰ ਦੇ ਇਕ ਡੀਲਿੰਗ ਸਹਾਇਕ ਨੂੰ ਫੋਨ ਕੀਤਾ। ਉਨ੍ਹਾਂ ਨੂੰ ਸਾਰੀ ਗੱਲ ਦੱਸ ਕੇ ਕਿਹਾ ਕਿ ਇਨ੍ਹਾਂ ਬੱਚੀਆਂ ਦਾ ਦਾਖਲਾ ਸਕੂਲ ਵਿੱਚ ਕਰਾਇਆ ਜਾਵੇ ਤੇ ਜੇ ਕੋਈ ਪ੍ਰੇਸ਼ਾਨੀ ਹੈ ਤਾਂ ਮੈਨੂੰ ਦੱਸੀ ਜਾਵੇ।

ਉਨ੍ਹਾਂ ਮੈਨੂੰ ਕਿਹਾ, 'ਬਾਬੇ ਅਤੇ ਬੱਚੀਆਂ ਨੂੰ ਬਲਾਕ ਪ੍ਰਾਇਮਰੀ ਅਫਸਰ ਕੋਲ ਭੇਜੋ, ਮੈਂ ਹੁਣੇ ਫੋਨ ਕਰਦਾ ਹਾਂ। ਦਾਖਲਾ ਹੋ ਜਾਵੇਗਾ। ਜਿਸ ਅਧਿਆਪਕ ਨੇ ਬੱਚੀਆਂ ਦੇ ਦਾਖਲੇ ਤੋਂ ਨਾਂਹ ਕੀਤੀ ਹੈ, ਉਸ ਨੂੰ ਵੀ ਬੁਲਾ ਕੇ ਪੁੱਛਦੇ ਹਾਂ।'

ਮੈਂ ਬਾਬੇ ਨੂੰ ਦਫਤਰ ਦਾ ਪਤਾ, ਆਪਣਾ ਫੋਨ ਨੰਬਰ ਤੇ ਰਸਤੇ ਬਾਰੇ ਦੱਸਿਆ ਤੇ ਕਿਹਾ ਕਿ ਬਾਬਾ ਜੀ ਉਥੇ ਕੁਝ ਨਾ ਬਣਿਆ ਤਾਂ ਮੈਨੂੰ ਮੁੜ ਫੋਨ ਕਰਨਾ।

ਬਾਬੇ ਨੇ ਬੜੇ ਪਿਆਰ ਨਾਲ ਮੇਰਾ ਸਿਰ ਪਲੋਸਿਆ ਤੇ ਅਣਗਿਣਤ ਅਸੀਸਾਂ ਦਿੱਤੀਆਂ। ਮੈਂ ਬਾਬੇ ਨੂੰ ਸੁਭਾਵਿਕ ਹੀ ਪੁੱਛਿਆ, 'ਬਾਬਾ ਜੀ ਤੁਹਾਡੇ ਪੋਤਾ ਹੈ।'

ਬਾਬੇ ਨੇ ਦੋਵਾਂ ਬੱਚੀਆਂ ਨੂੰ ਆਪਣੇ ਕਲੇਜੇ ਨਾਲ ਲਾਉਂਦਿਆਂ ਕਿਹਾ, 'ਧੀਏ ਮੇਰੇ ਲਈ ਤਾਂ ਇਹੀ ਮੇਰੇ ਪੋਤੇ ਤੇ ਮੇਰੇ ਵਾਰਸ ਨੇ। ਇਨ੍ਹਾਂ ਦਾ ਕੁਝ ਬਣ ਜਾਵੇ ਤਾਂ ਮੈਂ ਉਸ ਰੱਬ ਨੂੰ ਮੂੰਹ ਦਿਖਾਵਾਂ। ਧੀਏ ਲੋਕ ਬੜੇ ਮਾੜੇ ਨੇ, ਕਹਿੰਦੇ ਕੀ ਕਰੇਂਗਾ ਇਨ੍ਹਾਂ ਨੂੰ ਪੜ੍ਹਾ ਕੇ। ਤੂੰ ਆਪਣੇ ਮੁੰਡੇ ਦਾ ਵਿਆਹ ਹੋਰ ਕਰਵਾ ਲੈ। ਤੁਸੀਂ ਮੁਸਲਮਾਨ ਹੋ, ਕਰਵਾ ਵੀ ਸਕਦੇ ਹੋ, ਪਰ ਪੁੱਤ ਮੇਰੀ ਨੂੰਹ ਦਾ ਕੀ ਕਸੂਰ ਹੈ। ਨਾਲੇ ਮੇਰਾ ਮੁੰਡਾ ਕਿਹੜਾ ਕਲੈਕਟਰ ਲੱਗ ਗਿਆ। ਮੇਰਾ ਘਰ ਵੀ ਮੇਰੀ ਨੂੰਹ ਦੀ ਸਮਝਦਾਰੀ ਨਾਲ ਚੱਲਦਾ। ਚੰਗਾ ਪੁੱਤ ਮੈਂ ਜੇ ਕੁਝ ਨਾ ਬਣਿਆ ਤਾਂ ਤੇਰੇ ਕੋਲ ਫੇਰ ਆਉਂਗਾ।?'

ਇੰਨਾ ਕਹਿ ਬਾਬਾ ਆਪਣੀਆਂ ਦੋਵਾਂ ਬੱਚੀਆਂ ਦੇ ਹੱਥ ਫੜ ਕਮਰੇ ਤੋਂ ਬਾਹਰ ਚਲਾ ਗਿਆ, ਪਰ ਪਿੱਛੇ ਇਕ ਸਵਾਲ ਛੱਡ ਗਿਆ ਸੀ ਕਿ ਅੱਜ ਦੀ ਦੁਨੀਆ 'ਚ ਜਿਨ੍ਹਾਂ ਕੋਲ ਸਭ ਕੁਝ ਹੈ, ਉਹ ਤਾਂ ਬੇਟੀ ਪੈਦਾ ਕਰਨ ਤੋਂ ਡਰਦੇ ਨੇ ਤੇ ਦੂਜੇ ਪਾਸੇ ਬਾਬੇ ਵਰਗੇ..। ਮੇਰਾ ਦਿਲ ਕੀਤਾ ਕਿ ਬਾਬੇ ਨੂੰ ਖੜੀ ਹੋ ਕੇ ਸਲਾਮ

# ਨਹੀਂ ਭੁੱਲਦੇ ਬਚਪਨ ਦੇ ਉਹ ਦਿਨ

-ਰਮੇਸ਼ ਸੇਠੀ ਬਾਦਲ



ਮੇਰੇ ਬਚਪਨ ਦੇ ਮੁੱਢਲੇ ਪੰਦਰਾਂ ਕੁ ਸਾਲ ਪਿੰਡ ਵਿੱਚ ਗੁਜ਼ਰੇ। ਦਸਵੀਂ ਕਰਨ ਪਿੱਛੋਂ ਮੈਂ ਸ਼ਹਿਰੀਆ ਹੋ ਗਿਆ ਸੀ। ਮੇਰਾ ਪਿੰਡ ਘੁਮਿਆਰਾ ਪੰਜਾਬ ਵਿੱਚ ਪੈਂਦਾ ਹੈ, ਪਰ ਰਾਜਸਥਾਨ ਅਤੇ ਹਰਿਆਣਾ ਦੀ ਸਰਹੱਦ ਬਹੁਤ ਦੂਰ ਨਹੀਂ। ਭਾਵੇਂ ਇਹ ਮਾਲਵਾ ਖਿੱਤੇ ਦਾ ਪੱਛੜਿਆ ਹੋਇਆ ਪਿੰਡ ਹੈ, ਪਰ ਪੰਜਾਬੀ ਸੱਭਿਅਤਾ ਦਾ ਬੇਜੋੜ ਮਾਡਲ ਹੈ। ਇਥੋਂ ਦੇ ਲੋਕ ਸੁਭਾਅ ਪੱਖੋਂ ਬਹੁਤ ਵਧੀਆ ਹਨ। ਇਸੇ ਕਰਕੇ ਮੇਰੀ ਬੋਲ ਬਾਣੀ, ਰਹਿਣੀ ਸਹਿਣੀ ਮਾਲਵੇ ਵਾਲੀ ਹੀ ਹੈ। ਸਿੱਧੀ ਗੱਲ ਕਹਿਣੀ, ਠਾਹ ਸੋਟਾ ਮਾਰਨਾ, ਕੋਈ ਵਲ ਫਰੇਬ ਨਹੀਂ ਰੱਖਣਾ, ਇਹ ਸਭ ਮੈਂ ਬਚਪਨ 'ਚ ਹੀ ਸਿੱਖਿਆ। ਅਸੀਂ ਪਿੰਡਾਂ ਵਾਲੇ ਆਪਣੇ ਆਂਢੀਆਂ ਗੁਆਂਢੀਆਂ ਨਾਲ ਆਪਣਿਆਂ ਵਾਂਗੂ ਵਰਤਦੇ ਸੀ। ਮੇਰੀ ਮਾਂ ਦੇ ਹਾਣ ਦੀਆਂ ਨੂੰ ਤਾਈ ਚਾਚੀ ਆਖਣਾ ਅਤੇ ਵੱਡੀ ਉਮਰ ਦੀਆਂ ਔਰਤਾਂ ਨੂੰ ਅੰਮਾ ਜਾਂ ਅੰਬੋ ਆਖਣਾ। ਬੰਦਿਆਂ ਨੂੰ ਚਾਚਾ ਚਾਇਆ ਜਾਂ ਬਾਬਾ ਆਖਦਾ। ਜੀ ਲਾਉਣ ਦਾ ਬਹੁਤਾ ਰਿਵਾਜ਼ ਨਹੀਂ ਸੀ। ਨਾ ਹੀ ਕਿਸੇ ਨੇ ਜੀ ਕਹਿਣ ਦੀ ਆਦਤ ਪਾਈ। ਇਸ ਲਈ ਕਦੇ ਕਿਸੇ ਨੇ ਟੋਕਿਆ ਨਾ। ਤਾਈ ਸੁਰਜੀਤ ਕੁਰ, ਤਾਈ ਧੰਨੋ, ਤਾਈ ਕੋੜੋ ਅਤੇ ਚਾਚੀ ਨਿਕੋ, ਚਾਚੀ ਜੱਸ ਕੁਰ, ਚਾਚੀ ਖੰਡ ਵਾਲੀ ਅਤੇ ਅੰਬੋ ਹਰਨਾਮ ਕੁਰ ਅਤੇ ਅੰਬੋ ਬੌਣੀ ਜਿਵੇਂ ਮੇਰੀਆਂ ਸਕੀਆਂ ਸਨ। ਮੇਰੀ ਮਾਂ ਨਾਲ ਸਭ ਦਾ ਮੋਹ ਪਿਆਰ ਤੇ ਅਪਣੱਤ ਸੀ। 'ਕਰਤਾਰ ਕੁਰੇ ਲੈ ਆਹ ਸਾਗ ਲਿਆਇਆ ਸੀ ਛਿੰਦੀ ਦਾ ਬਾਪੂ। ਤੁਸੀਂ ਰਿੰਨ੍ਹ ਲਿਉ' ਤਾਈ ਕੋੜੋ ਕਹਿੰਦੀ। ਸੁਰਜੀਤ ਕੁਰ ਘਰੋਂ ਜੇ ਲੱਸੀ ਨਾ ਲੈਣ ਜਾਂਦੇ ਤਾਂ ਉਹ ਸਾਡੇ ਲਈ ਲੱਸੀ ਸੰਭਾਲ ਕੇ ਰੱਖਦੀ। ਇਹੋ ਹਾਲ ਚਾਚੇ ਠਾਣੇ ਕੇ ਘਰ ਸੀ। ਸਾਡੇ ਲਈ ਲੱਸੀ ਅੱਡ ਰੱਖਦੇ। ਸਾਰੇ ਮੇਰਾ ਬਹੁਤ ਖਿਆਲ ਰੱਖਦੇ ਸਨ। ਵੈਸੇ ਤਾਇਆ ਬਾਊ ਮੇਰੇ ਪਾਪਾ ਜੀ ਦਾ ਭਰਾ ਬਣਿਆ ਹੋਇਆ ਤੇ ਉਸ ਦਾ ਪਿਉ ਬਾਬਾ ਬਲਬੀਰ ਮੇਰੇ ਦਾਦੇ ਦਾ ਪਾਗੀ ਸੀ। ਮੇਰੇ ਦਾਦੇ ਦਾ ਜੰਗ ਫੌਜੀ, ਬਾਬਾ ਹਾਕਮ ਜਿਸ ਨੂੰ ਅਸੀਂ ਬਾਬਾ ਚੁਬਾਰਾ ਆਖਦੇ ਸੀ ਤੇ ਸਾਹਿਬ ਸਿੰਘ ਨੰਬਰਦਾਰ ਨਾਲ ਪੱਕਾ ਯਰਾਨਾ ਸੀ।

ਮੇਰੀ ਮਾਂ ਕਿਸੇ ਸਹੇਲੀ ਨੂੰ ਕਦੇ ਜਵਾਬ ਨਾ ਦਿੰਦੀ। ਕਰਤਾਰ ਕੁਰੇ ਅਚਾਰ ਦੀ ਫਾੜੀ ਤਾਂ ਦੇਈਂ। ਕਰਤਾਰ ਕੁਰੇ ਭੋਰਾ ਕੁ ਸਬਜ਼ੀ ਹੈਗੀ, ਬਟਾਊ ਆ ਗਿਆ। ਕਰਤਾਰ ਕੁਰੇ ਖੰਡ ਦੀ ਕੌਲੀ ਦੇ। ਜਦੋਂ ਡਿੰਪੂ ਤੋਂ ਲਿਆਂਦੀ ਮੋੜ ਜਾਂਗੀ। ਮੇਰੀ ਮਾਂ ਜਵਾਂ ਨਾ ਖਿਝਦੀ। ਕੋਈ ਨਾ, ਉਹ ਜਾਣੇ, ਆਖ ਕੇ ਮਨ ਨੂੰ ਧਰਵਾਸ ਦਿੰਦੀ। ਮਾਂ ਆਪਣੀਆਂ ਭਤੀਜੀਆਂ-ਭਾਣਜੀਆਂ ਲਈ ਦਰੀਆਂ ਤੇ ਖੇਸ ਬਣਾਉਂਦੀ। ਮੇਰੀਆਂ ਇਹੋ ਤਾਈਆਂ ਚਾਚੀਆਂ ਮੇਰੀ ਮਾਂ ਦੀ ਪੂਰੀ ਮਦਦ ਕਰਦੀਆਂ। ਜੇ ਕਦੇ ਕਿਸੇ ਕਾਰਨ ਅਸੀਂ ਮੱਝ ਲਈ ਪੱਠੇ ਚਾਰਾ ਨਾ ਲਿਆ ਸਕਦੇ ਤਾਂ ਕਿਸੇ ਨਾ ਕਿਸੇ ਘਰੋਂ ਕੁਤਰਿਆ ਹੋਇਆ ਚਾਰਾ ਆ ਜਾਂਦਾ। ਇਹ ਹੀ ਸਾਡਾ ਸੱਭਿਆਚਾਰ ਤੇ ਮੇਲ ਮਿਲਾਪ ਸੀ। ਜੇ ਕੋਈ ਸਾਡਾ ਸਾਈਕਲ ਮੰਗਵਾਂ ਲੈ ਵੀ ਜਾਂਦਾ ਤਾਂ ਅਸੀਂ ਕਿਸੇ ਨਾ ਕਿਸੇ ਦਾ ਊਠ ਬੋਤੀ ਮੰਗ ਕੇ ਮੱਝ ਲਈ ਖੇਤੋਂ ਪੱਠੇ ਲੈ ਆਉਂਦੇ। ਜਾਤ ਬਿਰਾਦਰੀ ਦੀ ਵਿਚਾਰ ਕੀਤੇ ਬਿਨਾਂ ਸਾਡਾ ਵਰਤ ਵਰਤਾਵਾ ਬਹੁਤ ਵਧੀਆ ਸੀ। ਕਿਸੇ ਨਾਲ ਕਦੇ ਗੁੱਸੇ ਹੋ ਜਾਂਦੇ ਤਾਂ ਥੋੜ੍ਹੇ ਵਕਤ ਬਾਅਦ ਦੋਵੇਂ ਧਿਰਾਂ ਉਸ ਨੂੰ ਭੁੱਲ ਜਾਂਦੀਆਂ ਤੇ ਲੀਹੋਂ ਲੱਥੀ ਗੱਡੀ ਫਿਰ ਰਿੜ੍ਹ ਪੈਂਦੀ। ਕੋਈ ਕਿਸੇ ਪ੍ਰਤੀ ਦਿਲ ਵਿੱਚ ਮੈਲ ਨਾ ਰੱਖਦਾ।

ਕੇਰਾਂ ਸਰਦੀਆਂ ਜਿਹੀਆਂ ਵਿੱਚ ਅਸੀਂ ਤਿੰਨੇ ਭੈਣ ਭਰਾ ਬਿਮਾਰ ਹੋ ਗਏ। ਉਸ ਸਾਲ ਠੰਢ ਵੀ ਬਹੁਤ ਸੀ। ਪੋਹ ਮਾਘ ਦਾ ਮਹੀਨਾ ਸੀ। ਸਾਡੀ ਸੇਵਾ ਵਿੱਚ ਲੱਗੀ ਮੇਰੀ ਮਾਂ ਨੂੰ ਵੀ ਬੁਖਾਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਤੇ ਮੇਰੀ ਮਾਂ ਨੇ ਵੀ ਮੰਜਾ ਮੱਲ ਲਿਆ। ਕਹਿੰਦੇ, ਉਸ ਨੂੰ ਨਮੂਨੀਆ ਹੋ ਗਿਆ। ਅਸੀਂ ਰੋਟੀ ਟੁੱਕ ਤੋਂ ਔਖੇ ਹੋ ਗਏ, ਪਰ ਧੰਨ ਮੇਰੀ ਮਾਂ ਦੀਆਂ ਸਹੇਲੀਆਂ ਦੇ। ਕਿਸੇ ਗੱਲ ਦੀ ਤੋਟ ਨਾ ਆਉਣ ਦਿੱਤੀ। ਅੰਬੋ ਬੌਣੀ, ਜਿਸ ਦਾ ਅਸਲ ਨਾਂ ਹਰ ਕੁਰ ਸੀ, ਜੋ ਉਸ ਦੀ ਸੱਜੀ ਬਾਂਹ 'ਤੇ ਉਕਰਿਆ ਹੋਇਆ ਸੀ, ਸਵੇਰੇ ਸ਼ਾਮ ਸਾਡਾ ਪਤਾ ਲੈਣ ਆਉਂਦੀ। ਉਸ ਦਾ ਕੱਦ ਚਾਰ ਫੁੱਟ ਦਾ ਸੀ ਤੇ ਸਾਰੇ ਉਸ ਨੂੰ ਅੰਮਾ ਬੌਣੀ ਆਖਦੇ ਸਨ। ਉਹ ਦੋਵੇਂ ਵੇਲੇ ਦਾਲ ਦੀ ਕੌਲੀ ਜ਼ਰੂਰ ਦੇ ਕੇ ਜਾਂਦੀ। ਬਹੁਤੀ ਵਾਰ ਉਹ ਚਾਰ ਰੋਟੀਆਂ ਵੀ ਆਪਣੇ ਤੰਦੂਰ ਤੋਂ ਲਾਹ ਕੇ ਦੇ ਜਾਂਦੀ। ਕਦੇ-ਕਦੇ ਮੇਰੀ ਮਾਂ ਆਟਾ ਗੁੰਨ੍ਹ ਕੇ ਭੇਜ ਦਿੰਦੀ ਤੇ ਅੰਮਾ ਬੌਣੀ ਕਿਸੇ ਨਾ ਕਿਸੇ ਨੂੰ ਕਹਿ ਕੇ ਚਾਰ ਰੋਟੀਆਂ ਲੁਹਾ ਕੇ ਘੱਲ ਦਿੰਦੀ। 'ਕੁੜੇ ਆਹ ਕੀ ਕੜਿਆੜਾਂ ਵਾਲੀ ਪਤਲੀ ਜਿਹੀ ਰਜਾਈ ਲਈ ਪਈ ਹੈ। ਇਸ ਨਾਲ ਪਾਲਾ ਕਿਵੇਂ ਰੁਕੂ?' ਇਕ ਦਿਨ ਕੁਵੇਲੇ ਜਿਹੇ ਦਾਲ ਦੀ ਕੌਲੀ ਦੇਣ ਆਈ ਅੰਮਾ ਬੌਣੀ ਨੇ ਮੇਰੀ ਮਾਂ ਨੂੰ ਟੋਕਿਆ। ਕਿਉਂਕਿ ਮੇਰੀ ਮਾਂ ਕੋਲ ਹੋਲੀ ਜਿਹੀ ਰਜਾਈ ਸੀ, ਜਿਸ ਉੱਤੇ ਚਿੱਟਾ ਗਿਲਾਫ ਚੜ੍ਹਿਆ ਸੀ। ਮੇਰੀ ਮਾਂ ਚੁੱਪ ਕਰ ਗਈ। ਉਹ ਕੁਝ ਨਾ ਬੋਲੀ। ਅੰਮਾ ਬੌਣੀ ਵੀ ਮੇਰੀ ਮਾਂ ਦੀ ਮਜ਼ਬੂਰੀ ਸਮਝ ਗਈ। ਅਗਲੇ ਦਿਨ ਅੰਮਾ ਬੌਣੀ ਘਰ ਦੀ ਬਣੀ ਦੋਹਰ ਲੈ ਆਈ ਤੇ ਉਸ ਦੀ ਰਜਾਈ ਸਿਉਂ ਕੇ ਨਗੰਦ ਦਿੱਤੀ। ਦੋਹਰ ਘਰ ਦੇ ਬਣੇ ਖੇਸ ਵਰਗੀ ਹੁੰਦੀ ਹੈ। ਸਾਨੂੰ ਰੇਸ਼ਮੀ ਰਜਾਈਆਂ ਲੈਣ ਵਾਲੀਆਂ ਨੂੰ ਮੋਟੀ ਸੂਤੀ ਰਜਾਈ ਦੇ ਗੁਣਾਂ ਦਾ ਕੀ ਪਤਾ। ਸੱਚੀ ਉਹ ਰਜਾਈ ਜਾਦੂਈ ਸੀ। ਉਸ ਵਿੱਚ ਭੋਰਾ ਵੀ ਠੰਢ ਨਹੀਂ ਸੀ ਲੱਗਦੀ। ਬਾਅਦ ਵਿੱਚ ਮੇਰੀ ਮਾਂ ਨੇ ਅੰਮਾ ਨੂੰ ਦੋਹਰ ਦੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ, ਪਰ ਅੰਮਾ ਨੇ ਪੈਸੇ ਨਾ ਲਏ। 'ਮੈਂ ਤਾਂ ਨਹੀਂ ਇਹ ਪੈਸੇ ਲੈਣੇ। ਮੈਂ ਕਿਹੜਾ ਕਿਤੋਂ ਮੁੱਲ ਲਿਆਂਦੀ ਹੈ। ਇਹ ਤਾਂ ਮੈਨੂੰ ਮਿਲੀ ਸੀ।' ਅੰਮਾ ਦਾ ਇਹੋ ਜਵਾਬ ਸੀ। ਦਰਅਸਲ ਅੰਮਾ ਪਿੰਡ ਵਿੱਚ ਵਿਚੋਲਗਿਰੀ ਦਾ ਕੰਮ ਵੀ ਕਰਦੀ ਸੀ।

ਕਿਸੇ ਨਾ ਕਿਸੇ ਦਾ ਰਿਸ਼ਤਾ ਕਰਾਈ ਰੱਖਦੀ ਤੇ ਅੰਮਾ ਨੂੰ ਖੇਸ ਕੰਬਲ ਵਾਧੂ ਜੁੜ ਜਾਂਦੇ ਸਨ। ਚਾਹੇ ਤਕਰੀਬਨ ਹਰ ਰਿਸ਼ਤੇ ਵਿੱਚ ਅੰਮਾ ਨੂੰ ਗਾਲਾਂ ਮਿਲਦੀਆਂ, ਪਰ ਅੰਮਾ ਫਿਰ ਵੀ ਕੋਈ ਨਾ ਕੋਈ ਭੇੜ ਭਿੜਾਈ ਰੱਖਦੀ। ਅੰਮਾ ਬੌਣੀ ਸਾਡੇ ਵਿਰਸੇ ਤੇ ਸੱਭਿਆਚਾਰ ਦੀ ਮਿਸਾਲ ਸੀ। ਹੁਣ ਜਦ ਉਨ੍ਹਾਂ ਪੁਰਾਣੇ ਵੇਲਿਆਂ ਨੂੰ ਯਾਦ ਕਰੀਦਾ ਹੈ ਤਾਂ ਮੌਜੂਦਾ ਸਮੇਂ ਦੀ ਚਮਕ ਦਮਕ ਫਿੱਕੀ ਲੱਗਦੀ ਹੈ। ਉਦੋਂ ਭਾਈਚਾਰਕ ਸਾਂਝ ਤੇ ਇਕ ਦੂਜੇ ਦਾ ਦੁੱਖ ਦਰਦ ਆਪਣਾ ਦੁੱਖ ਸਮਝਿਆ ਜਾਂਦਾ ਸੀ, ਹੁਣ ਉਹ ਗੱਲਾਂ ਕਿੱਥੇ ਰਹੀਆਂ। ਇਨਸਾਨ ਵਿੱਚ ਸਵਾਰਥ ਇੰਨਾ ਵਧ ਚੁੱਕਾ ਹੈ ਕਿ ਆਪਣੇ ਸਕੇ ਸਬੰਧੀਆਂ ਤੇ ਕਰੀਬੀ ਰਿਸ਼ਤਿਆਂ ਦੀ ਪ੍ਰਵਾਹ ਨਹੀਂ ਕਰਦਾ, ਹੋਰਾਂ ਦਾ ਕੀ ਕਰੂ। ਕਾਸ਼! ਉਹੀ ਭਾਈਚਾਰਕ ਸਾਂਝ

# ਮੇਰਾ ਸ਼ਬਾਬ ਭੀ ਲੌਟਾ ਦੋ ਮੇਰੇ ਮੇਹਰ ਕੇ ਸਾਥ...

-ਪ੍ਰੋ. ਦਰਬਾਰੀ ਲਾਲ

ਭਾਰਤ ਦੀ ਸੁਪਰੀਮ ਕੋਰਟ ਦੇ ਸਾਹ-ਮਣੇ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਬੜਾ ਨਾਜ਼ੁਕ ਤੇ ਸੰਵੇਦਨਸ਼ੀਲ 'ਤੀਹਰੇ ਤਲਾਕ' ਦਾ ਕੇਸ ਆਇਆ ਹੈ। ਦੋਵਾਂ ਧਿਰਾਂ ਨੇ ਆਪਣੇ ਨਾਮੀ ਵਕੀਲਾਂ ਨਾਲ ਅਦਾਲਤ ਅੱਗੇ ਬੜੇ ਵਿਵੇਕਸ਼ੀਲ ਅਤੇ ਵਿਸ਼ਲੇਸ਼ਣਾਤਮਕ ਢੰਗ ਨਾਲ ਵਿਚਾਰ ਰੱਖੇ ਹਨ। ਮੁਸਲਿਮ ਪਰਸਨਲ ਲਾਅ ਬੋਰਡ ਨੇ ਵੀ ਆਪਣੀਆਂ ਦਲੀਲਾਂ ਨਾਲ ਜੱਜਾਂ ਨੂੰ ਪ੍ਰਭਾਵਤ ਕਰਨ ਵਿੱਚ ਕਸਰ ਨਹੀਂ ਛੱਡੀ ਅਤੇ ਮਹਿਲਾ ਸੰਗਠਨਾਂ ਨੇ ਔਰਤਾਂ 'ਤੇ ਹੋ ਰਹੇ ਇਸ ਜ਼ੁਲਮ ਦੀ ਦਰਦਨਾਕ ਦਾਸਤਾਨ ਨੂੰ ਜੱਜਾਂ ਸਾਹ-ਮਣੇ ਵਿਸਥਾਰ ਨਾਲ ਰੱਖਿਆ ਹੈ। ਕੇਂਦਰ ਸਰਕਾਰ ਨੇ ਸੰਵਿਧਾਨ ਵੱਲੋਂ ਦਿੱਤੇ ਗਏ ਮੌਲਿਕ ਅਧਿਕਾਰਾਂ, ਜਿਨ੍ਹਾਂ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਬਰਾਬਰੀ ਤੇ ਆਜ਼ਾਦੀ ਦਾ ਅਧਿਕਾਰ ਹਾਸਲ ਹੈ, ਦੇ ਤਹਿਤ ਆਪਣੀ ਰਾਏ ਰੱਖੀ ਹੈ। ਪੂਰਾ ਦੇਸ਼ ਹੁਣ ਉਤਾਵਲਾ ਹੋ ਕੇ ਉਡੀਕ ਕਰ ਰਿਹਾ ਹੈ ਕਿ ਭਾਰਤ ਦੀਆਂ ਮੁਸਲਿਮ ਧੀਆਂ ਨਾਲ ਹੋ ਰਹੀ ਇਸ ਬੇਇਨਸਾਫੀ ਉੱਤੇ ਨਿਆਂ ਪਾਲਿਕਾ ਕੀ ਫੈਸਲਾ ਲੈਂਦੀ ਹੈ।

ਜੇ ਇਹ ਫੈਸਲਾ ਮੁਸਲਿਮ ਔਰਤਾਂ ਦੇ ਹੱਕ ਵਿੱਚ ਆਉਂਦਾ ਹੈ ਤਾਂ ਯਕੀਨੀ ਤੌਰ ਉੱਤੇ ਭਾਰਤ ਦੀਆਂ ਮੁਸਲਿਮ ਧੀਆਂ ਨੂੰ ਤੀਹਰੇ ਤਲਾਕ ਦੇ ਇਸ ਜ਼ੁਲਮ ਤੋਂ ਛੁਟਕਾਰਾ ਮਿਲ ਜਾਵੇਗਾ ਤੇ ਇਹ ਇਤਿਹਾਸਕ ਫੈਸਲਾ ਹੋਵੇਗਾ। ਇਸ ਨਾਲ ਔਰਤਾਂ ਦੇ ਪਰਵਾਰਕ ਜੀਵਨ ਵਿੱਚ ਸਥਿਰਤਾ ਆਏਗੀ।

ਉਤਰਾਖੰਡ ਦੀ ਸਾਇਰਾ ਬਾਨੋ ਨੇ ਨਿਆਂ ਪਾਲਿਕਾ ਵਿੱਚ ਤੀਹਰੇ ਤਲਾਕ, ਨਿਕਾਹ ਹਲਾਲਾ ਅਤੇ ਇੱਕ ਤੋਂ ਵੱਧ ਵਿਆਹ ਵਰਗੀਆਂ ਬੁਰੀਆਂ ਰੀਤਾਂ ਨੂੰ ਹਮੇਸ਼ਾ ਲਈ ਖਤਮ ਕਰਨ ਵਾਸਤੇ ਪਟੀਸ਼ਨ ਦਾਇਰ ਕੀਤੀ ਹੈ। ਨਿਆਂ ਪਾਲਿਕਾ ਨੇ ਕੇਂਦਰ ਨਾਲ ਸੰਪਰਕ ਕੀਤਾ ਤੇ ਨਾਲ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਸਮੇਂ ਸਿਰਫ ਤੀਹਰੇ ਤਲਾਕ ਦੇ ਮੁੱਦੇ 'ਤੇ ਹੀ ਵਿਚਾਰ ਕਰੇਗੀ।

ਅਸਲ 'ਚ ਤੀਹਰਾ ਤਲਾਕ ਗੈਰ ਕੁਰਾਨੀ ਅਤੇ ਗੈਰ ਇਸਲਾਮਕ ਹੈ, ਅਣਮਨੁੱਖੀ ਜ਼ੁਲਮ ਦੀ ਹੱਦ ਹੈ। ਪਵਿੱਤਰ ਕੁਰਾਨ ਸ਼ਰੀਫ ਵਿੱਚ ਕਿਸੇ ਵੀ ਜਗ੍ਹਾ ਅਜਿਹੇ ਤੀਹਰੇ ਤਲਾਕ ਦਾ ਜ਼ਿਕਰ ਨਹੀਂ ਹੈ, ਸਗੋਂ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਇੱਕ ਚੰਗੇ ਤੇ ਮਜ਼ਬੂਤ ਪਰਵਾਰ ਦੇ ਹੱਕ ਵਿੱਚ ਸਨ। ਇਹ ਬੁਰਾਈ ਇਸਲਾਮ ਦੇ ਖਲੀਫਾ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਸ਼ੁਰੂ ਹੋਈ ਤੇ ਇਸ ਨੂੰ ਉਨ੍ਹਾਂ ਨੇ ਖਤਮ ਵੀ ਕਰ ਦਿੱਤਾ ਸੀ, ਪਰ ਸਮਾਂ ਬੀਤਣ ਉੱਤੇ ਇਸ ਬੁਰਾਈ ਨੇ ਮੁਸਲਿਮ ਸਮਾਜ ਵਿੱਚ ਆਪਣੀ ਇੱਕ ਥਾਂ ਬਣਾ ਲਈ, ਜੋ ਹੁਣ ਤੱਕ ਭਾਰਤ ਵਿੱਚ ਬਿਨਾਂ ਕਿਸੇ ਰੋਕ ਟੋਕ ਦੇ ਪਰਵਾਰਕ ਸੰਸਥਾ ਨੂੰ ਤਬਾਹ ਤੇ ਬਰਬਾਦ ਕਰਨ 'ਤੇ ਉਤਾਰੂ ਹੈ।

ਤੀਹਰਾ ਤਲਾਕ ਗੈਰ ਇਸਲਾਮਕ ਵੀ ਹੈ ਕਿਉਂਕਿ ਜੇ ਇਹ ਗੈਰ ਇਸਲਾਮਕ ਨਾ ਹੁੰਦਾ ਤਾਂ ਮੁਸਲਿਮ ਬਹੁਲਤਾ ਵਾਲੇ ਲੋਕ ਇਸ ਨੂੰ ਕਦੇ ਖਤਮ ਨਾ ਕਰਦੇ। ਇਤਿਹਾਸ ਗਵਾਹ ਹੈ ਕਿ ਮਿਸਰ ਨੇ 1929, ਸੂਡਾਨ ਨੇ 1935, ਸ੍ਰੀਲੰਕਾ ਨੇ 1951, ਸੀਰੀਆ ਨੇ 1953, ਪਾਕਿਸਤਾਨ ਨੇ 1962, ਬੰਗਲਾ ਦੇਸ਼ ਨੇ 1971 ਅਤੇ 16 ਹੋਰ ਮੁਸਲਿਮ ਦੇਸ਼ਾਂ ਨੇ ਇਸ ਸਮਾਜਕ ਬੁਰਾਈ ਨੂੰ ਬਾਅਦ ਵਿੱਚ ਕਾਨੂੰਨ ਦੇ ਜ਼ਰੀਏ ਖਤਮ ਕਰ ਦਿੱਤਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦਿੱਤੇ ਹਨ। ਭਾਰਤ ਵਿੱਚ ਮੁਸਲਿਮ ਧੀਆਂ ਨੂੰ ਬਰਾਬਰੀ ਦੇ ਅਧਿਕਾਰ ਤੋਂ ਵਾਂਝੀਆਂ ਰੱਖਣਾ ਲੋਕਤੰਤਰ 'ਤੇ ਇੱਕ ਬਦਨੁਮਾ ਧੱਬਾ ਹੀ ਨਹੀਂ, ਭਾਰਤੀ ਸੰਵਿਧਾਨ ਵੱਲੋਂ ਦਿੱਤੇ ਗਏ ਅਧਿਕਾਰਾਂ ਦੀ ਵੀ ਜ਼ਬਰਦਸਤ ਉਲੰਘਣਾ ਹੈ।

ਇਸਲਾਮ ਤੋਂ ਪਹਿਲਾਂ ਅਰਬ ਦੇ ਲੋਕ ਅਨਪੜ੍ਹ ਅਤੇ ਜਾਹਿਲ ਸਨ ਅਤੇ ਅਕਸਰ ਕਬੀਲੇ ਆਪਸ ਵਿੱਚ ਲੜਦੇ ਰਹਿੰਦੇ ਸਨ, ਜਿਸ ਕਾਰਨ ਮਰਦਾਂ ਦੀ ਗਿਣਤੀ ਘਟਦੀ ਰਹਿੰਦੀ ਸੀ। ਇਸੇ ਕਾਰਨ ਇੱਕ ਮਰਦ 15 ਤੋਂ 18 ਔਰਤਾਂ ਨਾਲ ਵਿਆਹ ਕਰਵਾ ਲੈਂਦਾ ਸੀ। ਕਈ ਵਾਰ ਤਾਂ ਬੇਟੇ ਆਪਣੀ ਮਤਰੇਈ ਮਾਂ ਨਾਲ ਵੀ ਵਿਆਹ ਕਰਵਾ ਲੈਂਦੇ ਸਨ।

ਪੈਗੰਬਰ ਮੁਹੰਮਦ ਹਜ਼ਰਤ ਸਾਹਿਬ ਨੇ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਇੱਕ ਮਰਦ ਨੂੰ ਸਿਰਫ ਚਾਰ ਵਿਆਹ ਕਰਨ ਦਾ ਹੁਕਮ ਦਿੱਤਾ, ਬਸ਼ਰਤੇ ਉਹ ਉਨ੍ਹਾਂ ਔਰਤਾਂ ਦਾ ਖਰਚਾ ਉਠਾਉਣ ਲਈ ਸਾਧਨ ਜੁਟਾ ਸਕੇ। ਮਾਵਾਂ (ਮਤਰੇਈਆਂ) ਨਾਲ ਵਿਆਹ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਤਲਾਕ ਨੂੰ ਇੱਕ ਵੱਡਾ ਗੁਨਾਹ ਮੰਨਿਆ ਗਿਆ।

ਤੀਹਰੇ ਤਲਾਕ ਦੀ ਇਹ ਸਮਾਜਕ ਬੁਰਾਈ ਬੀਤੇ ਸਮੇਂ ਵਿੱਚ ਹਿੰਦੂ ਧਰਮ ਵਿੱਚ ਫੈਲੀ ਬੁਰਾਈ ਵਾਂਗ ਹੈ, ਜਿਵੇਂ ਬਾਲ ਵਿਆਹ, ਦੇਵਦਾਸੀਆਂ। ਕੁਝ ਰੂੜੀਵਾਦੀ ਪਰਵਾਰ ਆਪਣੀਆਂ 9-10 ਸਾਲਾਂ ਦੀਆਂ ਧੀਆਂ ਨੂੰ ਮੰਦਰ ਵਿੱਚ ਬਿਠਾ ਦਿੰਦੇ ਸਨ ਤੇ ਕਈ ਜਗ੍ਹਾ ਬੇਟੇ ਦੀ ਇੱਛਾ 'ਚ ਧੀਆਂ ਨੂੰ ਜੰਮਦੀਆਂ ਹੀ ਦਫਨਾ ਦਿੱਤਾ ਜਾਂਦਾ ਸੀ। ਦਫਨਾਉਂਦੇ ਸਮੇਂ ਅਕਸਰ ਇਹ ਕਿਹਾ ਜਾਂਦਾ ਸੀ :

ਗੁੜ ਖਾਈਂ, ਪੂਣੀ ਕੱਤੀਂ।
ਆਪ ਨਾ ਆਈਂ, ਵੀਰੇ ਨੂੰ ਘੱਤੀਂ।

ਜਵਾਨ ਧੀਆਂ ਨੂੰ ਘਰ ਦੀ ਚਾਰਦੀਵਾਰੀ 'ਚ ਹੀ ਬੰਦ ਰੱਖਿਆ ਜਾਂਦਾ ਸੀ। ਉਨ੍ਹਾਂ ਲਈ ਨਾ ਕੋਈ ਬਰਾਬਰੀ ਦਾ ਅਧਿਕਾਰ ਸੀ ਤੇ ਨਾ ਕੋਈ ਆਜ਼ਾਦੀ ਦਾ। ਔਰਤਾਂ ਦਾ ਘਰ 'ਚੋ ਬਾਹਰ ਜਾਣਾ ਇੱਕ ਬੁਰਾਈ ਸਮਝਿਆ ਜਾਂਦਾ ਸੀ, ਇਸ ਲਈ 15ਵੀਂ ਸਦੀ ਵਿੱਚ ਔਰਤਾਂ ਬਾਰੇ ਇਹ ਅਕਸਰ ਕਿਹਾ ਜਾਂਦਾ ਸੀ :

'ਘਰ ਬੈਠੀ ਲੱਖ ਦੀ ਤੇ ਬਾਹਰ ਗਈ ਕੱਖ ਦੀ।'

ਵਿਧਵਾ ਧੀਆਂ ਨੂੰ ਦੁਬਾਰਾ ਵਿਆਹ ਦਾ ਹੱਕ ਨਹੀਂ ਸੀ ਤੇ ਉਹ ਸਾਰੀ ਜ਼ਿੰਦਗੀ ਸਿਸਕੀਆਂ 'ਚ ਬਿਤਾ ਦਿੰਦੀਆਂ ਸਨ। ਮਹਾਨ ਸਮਾਜ ਸੁਧਾਰਕ ਸਵਾਮੀ ਦਇਆਨੰਦ ਨੇ ਇਸ ਸਮਾਜਕ ਬੁਰਾਈ ਵਿਰੁੱਧ ਅੰਦੋਲਨ ਚਲਾਇਆ ਸੀ।

ਇਸੇ ਤਰ੍ਹਾਂ ਭਾਰਤ ਵਿੱਚ ਸਤੀ ਪ੍ਰਥਾ ਵੀ ਇੱਕ ਭਿਆਨਕ ਬੁਰਾਈ ਸੀ, ਜਿਸ ਵਿਰੁੱਧ ਰਾਜਾ ਰਾਮ ਮੋਹਨ ਰਾਏ ਨੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ, ਹਾਲਾਂਕਿ ਬਹੁਤੇ ਲੋਕ ਉਦੋਂ ਸਤੀ ਪ੍ਰਥਾ ਦੇ ਸਮਰਥਕ ਸਨ। ਸੰਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉੱਤੇ ਉਨ੍ਹਾਂ ਦੀਆਂ ਤਿੰਨ ਰਾਣੀਆਂ ਤੇ ਚਾਰ ਗੋਲੀਆਂ ਉਨ੍ਹਾਂ ਨਾਲ ਸਤੀ ਹੋ ਗਈਆਂ ਸਨ, ਪਰ ਇਹ ਸਭ ਬੁਰਾਈਆਂ ਸਮਾਜ ਸੁਧਾਰਕਾਂ ਅਤੇ ਸਰਕਾਰ ਵੱਲੋਂ ਸਖਤ ਕਾਨੂੰਨ ਬਣਾ ਕੇ ਜੜ੍ਹਾ ਹਿਲਾ ਦਿੱਤੀਆਂ ਗਈਆਂ। ਜੋ ਚਿਰਾਂ ਤੋਂ ਚੱਲਦੀਆਂ ਆਈਆਂ ਇਹ ਬੁਰਾਈਆਂ ਸਮਾਜਕ ਜਾਗ੍ਰਿਤੀ ਅਤੇ ਹਾਂ ਪੱਖੀ ਕਾਨੂੰਨਾਂ ਦੇ ਨਿਰਮਾਣ ਨਾਲ ਖਤਮ ਹੋ ਸਕਦੀਆਂ ਹਨ ਤਾਂ ਤੀਹਰੇ ਤਲਾਕ ਤੋਂ ਛੁਟਕਾਰਾ ਕਿਉਂ ਨਹੀਂ ਪਾਇਆ ਜਾ ਸਕਦਾ।

ਮੁਸਲਿਮ ਪਰਸਨਲ ਲਾਅ ਬੋਰਡ ਮੰਨਦਾ ਹੈ ਕਿ ਤੀਹਰਾ ਤਲਾਕ ਇੱਕ ਗੁਨਾਹ ਹੈ, ਪਾਪ ਹੈ ਅਤੇ ਇਸ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ, ਪਰ ਸਰਕਾਰ ਨੂੰ ਧਰਮ ਵਿੱਚ ਦਖਲ ਨਹੀਂ ਦੇਣਾ ਚਾਹੀਦਾ, ਬੋਰਡ ਖੁਦ ਸਮਾਜਕ ਬਾਈਕਾਟ ਦੇ ਜ਼ਰੀਏ ਇਸ 'ਤੇ ਕਾਬੂ ਪਾ ਲਵੇਗਾ। ਹੁਣ ਤੱਕ ਇਹ ਬੋਰਡ ਔਰਤਾਂ ਨੂੰ ਇਸ ਜ਼ੁਲਮ ਤੋਂ ਛੁਟਕਾਰਾ ਨਹੀਂ ਦਿਵਾ ਸਕਿਆ, ਇਸ ਲਈ ਇਸ 'ਤੇ ਭਰੋਸਾ ਕਰਨਾ ਫਜ਼ੂਲ ਹੋਵੇਗਾ।

ਸੁੰਨੀ ਹੋਣ ਜਾਂ ਸ਼ੀਆ, ਦੇਵਬੰਦੀ ਹੋਣ ਜਾਂ ਬਰੇਲਵੀ ਜਾਂ ਕਿਸੇ ਹੋਰ ਸੰਸਥਾ ਦਾ ਕੋਈ ਧਰਮ ਗੁਰੂ ਹੋਵੇ, ਇਸ ਮਾਮਲੇ 'ਤੇ ਉਨ੍ਹਾਂ ਦੀ ਰਾਏ ਸਿਰ-ਜਣਾਤਮਕ ਨਹੀਂ, ਕਿਉਂਕਿ ਤੀਹਰੇ ਤਲਾਕ ਤੋਂ ਪੀੜਤ ਔਰਤਾਂ ਨੇ ਇਲੈਕਟ੍ਰਾਨਿਕ ਮੀਡੀਆ ਵਿੱਚ ਖੁੱਲ੍ਹ ਕੇ ਇਨ੍ਹਾਂ ਸੰਸਥਾਵਾਂ ਦਾ ਸਖਤ ਵਿਰੋਧ ਕੀਤਾ ਹੈ।

ਉਲੇਮਾਵਾਂ, ਇਮਾਮਾਂ, ਮੌਲਾਣਿਆਂ ਤੇ ਧਰਮ ਗੁਰੂਆਂ ਨੂੰ ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਤੇ ਬਰਬਾਦ ਹੁੰਦੇ ਪਰਵਾਰਾਂ ਨੂੰ ਬਚਾਉਣ ਲਈ ਛੇਤੀ ਕੋਈ ਹੱਲ ਲੱਭਣਾ ਚਾਹੀਦਾ ਹੈ ਅਤੇ ਖੁਦ ਉਠ ਕੇ ਤੀਹਰੇ ਤਲਾਕ, ਨਿਕਾਹ ਹਲਾਲਾ ਤੇ ਇੱਕ ਤੋਂ ਵੱਧ ਵਿਆਹਾਂ ਵਿਰੁੱਧ ਅੰਦੋਲਨ ਚਲਾਉਣਾ ਚਾਹੀਦਾ ਹੈ ਤਾਂ ਕਿ ਮੁਸਲਿਮ ਸਮਾਜ ਵਿੱਚ ਵੀ ਪਰਵਾਰ, ਖਾਸ ਕਰ ਕੇ ਔਰਤਾਂ ਖੁਸ਼ਹਾਲੀ ਨਾਲ ਜ਼ਿੰਦਗੀ ਬਿਤਾ ਸਕਣ। ਧਰਮ ਗੁਰੂਆਂ ਨੂੰ ਪੀੜਤ ਔਰਤਾਂ ਦਾ ਦਰਦ ਸਮਝਣਾ ਚਾਹੀਦਾ ਹੈ, ਜਿਨ੍ਹਾਂ ਦਾ ਗੁਲਜ਼ਾਰ ਪਰਵਾਰ ਤੀਹਰੇ ਤਲਾਕ ਨਾਲ ਉਜੜ ਗਿਆ ਹੋਵੇ, ਉਹ ਧੀਆਂ ਆਪਣੇ ਦੋ ਤਿੰਨ ਬੱਚਿਆਂ ਨੂੰ ਲੈ ਕੇ ਕਿੱਥੇ ਜਾਣ, ਨਾ ਉਨ੍ਹਾਂ ਦੇ ਪੇਕਿਆਂ ਵਿੱਚ, ਨਾ ਕਿਸੇ ਧਾਰਮਿਕ ਸੰਸਥਾ ਵਿੱਚ ਜਾ ਸਕਦੀਆ ਹਨ ਤੇ ਨਾ ਸਰਕਾਰ ਵੱਲੋਂ ਉਨ੍ਹਾਂ ਦੇ ਗੁਜ਼ਾਰੇ ਦਾ ਕੋਈ ਪ੍ਰਬੰਧ ਹੈ। ਉਹ ਪੂਰੀ ਤਰ੍ਹਾਂ ਲਾਚਾਰ ਹਨ ਅਤੇ ਦਰ-ਬ-ਦਰ ਭਟਕਣ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਹੁੰਦਾ। 'ਤਲਾਕ ਤਲਾਕ ਤਲਾਕ' ਕਹਿਣ ਵਾਲਿਆਂ ਨੂੰ ਇਸ ਸ਼ੇਅਰ 'ਚ ਲੁਕੇ ਮੁਸਲਿਮ ਔਰਤਾਂ ਦੇ ਦਰਦ ਨੂੰ ਸਮਝਣਾ ਚਾਹੀਦਾ ਹੈ :

*ਤਲਾਕ ਦੇ ਤੋ ਰਹੇ ਹੋ ਤਿਬੋਂ ਕਹਿਰ ਕੇ ਸਾਥ,*
*ਮੇਰਾ ਸ਼ਬਾਬ ਭੀ ਲੌਟਾ ਦੋ ਮੇਰੇ ਮੇਹਰ ਕੇ ਸਾਥ।*

# ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ..

-ਪ੍ਰੀਤਮ ਦੋਮੇਲ-

ਅੱਜਕੱਲ੍ਹ ਬਹੁਤੇ ਲੋਕ ਆਪਣੀਆਂ ਕਾਰਾਂ ਜਾਂ ਸਕੂਟਰ, ਮੋਟਰਸਾਈਕਲਾਂ 'ਤੇ ਸਫਰ ਕਰਦੇ ਹਨ, ਸਾਈਕਲਾਂ ਦਾ ਤਾਂ ਜ਼ਮਾਨਾ ਹੀ ਨਹੀਂ ਰਿਹਾ। ਲੱਗਦਾ ਹੈ ਕਿ ਹੋਰ ਕੁਝ ਸਾਲਾਂ ਤੱਕ ਬੱਚੇ ਸਾਈਕਲ ਨੂੰ ਦੇਖ ਕੇ ਪੁੱਛਿਆ ਕਰਨਗੇ ਕਿ ਇਹ ਕੀ ਚੀਜ਼ ਹੈ ਜਿਵੇਂ ਅੱਜਕੱਲ੍ਹ ਰੇਡੀਓ ਵੇਖ ਕੇ ਪੁੱਛਦੇ ਹਨ। ਇੱਕ ਸਵਾਰੀ ਐਸੀ ਹੈ, ਜੋ ਹਰ ਵਰਗ ਦੇ ਬੰਦੇ ਨੂੰ ਚੰਗੀ ਲੱਗਦੀ ਹੈ, ਇਹ ਹੈ ਆਟੋ ਰਿਕਸ਼ਾ। ਇਸ ਦਾ ਬੜਾ ਆਰਾਮ ਹੈ। ਸੜਕ 'ਤੇ ਤੁਸੀਂ ਜਿੱਥੇ ਖੜ੍ਹੇ ਹੋਵੋ, ਉਥੇ ਹੀ ਰੁਕ ਕੇ ਇਹ ਤੁਹਾਨੂੰ ਚੜ੍ਹਾ ਲੈਂਦਾ ਹਨ। ਸਸਤਾ ਐਨਾ ਕਿ 10 ਜਾਂ 20 ਰੁਪਏ 'ਚ ਸ਼ਹਿਰ ਦੀ ਕਿਸੇ ਵੀ ਥਾਂ ਚਲੇ ਜਾਓ। ਕਈ ਵਾਰ ਆਟੋ ਵਾਲੇ ਤੁਹਾਡੇ ਨਾਲ ਅਜੀਬ ਚਲਾਕੀ ਕਰ ਜਾਂਦੇ ਹਨ ਜਿਸ ਕਾਰਨ ਮਨ ਨੂੰ ਤਕਲੀਫ ਜ਼ਰੂਰ ਹੁੰਦੀ ਹੈ।

ਤਿੰਨ ਕੁ ਸਾਲ ਪਹਿਲਾਂ ਦੀ ਗੱਲ ਹੈ। ਮੈਂ ਰੋਪੜ ਤੋਂ ਮੋਹਾਲੀ ਆ ਰਹੀ ਸਾਂ। ਮੋਹਾਲੀ ਜਾਣ ਲਈ ਸਾਨੂੰ ਛੇ ਫੇਜ਼ ਦੀ ਚੰਡੀਗੜ੍ਹ ਜਾਣ ਵਾਲੀ ਸੜਕ 'ਤੇ ਉਤਰਨਾ ਪੈਂਦਾ ਹੈ। ਉਥੋਂ ਸਾਰੇ ਸ਼ਹਿਰ ਤੇ ਚੰਡੀਗੜ੍ਹ ਜਾਣ ਲਈ ਆਟੋ ਚੱਲਦੇ ਹਨ। ਮੈਂ ਗੁਰਦੁਆਰਾ ਸਾਹਿਬ ਦੇ ਅੱਗੇ ਆ ਗਈ। ਇਥੇ ਸਾਰੇ ਆਟੋ ਵਾਲੇ ਖੜ੍ਹੇ ਹੁੰਦੇ ਹਨ। ਜਿਸ ਆਟੋ ਵਾਲੇ ਦਾ ਨੰਬਰ ਸੀ ਉਹ ਦੋ ਗ਼ਰੀਬ ਔਰਤਾਂ ਨਾਲ ਝਗੜ ਰਿਹਾ ਸੀ। ਦਸ ਰੁਪਏ ਵਿੱਚ ਉਦੋਂ ਆਟੋ ਵਾਲੇ ਅਖ਼ੀਰਲੇ ਸੈਕਟਰ 11 ਫੇਜ਼ ਤੱਕ ਜਾਂਦੇ ਸਨ ਪਰ ਜੇ ਕਿਸੇ ਨੇ ਨੇੜੇ ਦੇ ਕਿਸੇ ਸੈਕਟਰ ਵਿੱਚ ਜਾਣਾ ਹੁੰਦਾ ਤਾਂ ਉਹ ਪੰਜ ਰੁਪਏ ਵੀ ਲੈ ਲੈਂਦੇ ਸਨ। ਉਨ੍ਹਾਂ ਬੀਬੀਆਂ ਨੇ ਬਿਲਕੁਲ ਪਹਿਲੇ ਫੇਜ਼ ਵਿੱਚ ਉਤਰਨਾ ਸੀ ਜੋ ਉਥੋਂ ਕੇਵਲ ਇੱਕ ਕਿਲੋਮੀਟਰ ਦੂਰ ਸੀ। ਬੀਬੀਆਂ ਪੰਜ ਰੁਪਏ ਲੈਣ ਲਈ ਕਹਿ ਰਹੀਆਂ ਸਨ, ਪਰ ਆਟੋ ਵਾਲਾ 10 ਰੁਪਏ 'ਤੇ ਅੜਿਆ ਹੋਇਆ ਉਨ੍ਹਾਂ ਨੂੰ ਕਾਫੀ ਉਲਟਾ-ਪੁਲਟਾ ਬੋਲ ਰਿਹਾ ਸੀ।

ਉਸ ਆਦਮੀ ਦੀਆਂ ਬਦਤਮੀਜ਼ੀ ਵਾਲੀਆਂ ਗੱਲਾਂ ਸੁਣ ਕੇ ਮੈਨੂੰ ਇਕਦਮ ਗੁੱਸਾ ਆ ਗਿਆ। ਗਰਮੀ ਅੰਤਾਂ ਦੀ ਸੀ ਤੇ ਸਮਾਂ ਦੁਪਹਿਰ ਦਾ ਸੀ। ਮੈਂ ਉਨ੍ਹਾਂ ਦਾ ਝਗੜਾ ਮਿਟਾਉਣ ਦੇ ਮਕਸਦ ਨਾਲ ਕਿਹਾ, "ਛੱਡੋ ਭਾਈ ਸਾਹਿਬ ਗੱਲ ਨੂੰ! ਉਹ 10 ਰੁਪਏ ਫਾਲਤੂ ਨਹੀਂ ਦੇ ਰਹੀਆਂ ਤਾਂ ਜ਼ਰੂਰ ਕੋਈ ਕਾਰਨ ਹੋਵੇਗਾ। ਹੋ ਸਕਦੈ ਉਨ੍ਹਾਂ ਕੋਲ ਖੁੱਲ੍ਹੇ ਪੈਸੇ ਨਾ ਹੋਣ। ਤੁਸੀਂ ਆਟੋ ਸਟਾਰਟ ਕਰੋ, ਮੈਂ ਦੇ ਦਿਆਂਗੀ ਉਨ੍ਹਾਂ ਦੇ ਪੈਸੇ।" ਆਟੋ ਰਿਕਸ਼ਾ ਵਾਲੇ ਨੇ ਉਸੇ ਅੜਬ ਲਹਿਜ਼ੇ 'ਚ ਕਿਹਾ, "ਤੁਹਾਡਾ ਕੀ ਭਰੋਸਾ ਕਿ ਤੁਸੀਂ ਪੈਸੇ ਦੇਵੋਗੇ। ਇਨ੍ਹਾਂ ਨੇ ਉਤਰ ਕੇ ਤਿੱਤਰ ਹੋ ਜਾਣਾ ਹੈ।" ਮੈਨੂੰ ਉਹ ਬੰਦਾ ਬੜਾ ਖ਼ਰਾਬ ਲੱਗਾ। ਜੀ ਕੀਤਾ ਕਿ 30 ਰੁਪਏ ਉਸ ਦੇ ਮੂੰਹ 'ਤੇ ਮਾਰਾਂ, ਪਰ ਮੈਂ ਦੇਖਿਆ ਕਿ 30 ਰੁਪਏ ਤਾਂ ਖੁੱਲ੍ਹੇ ਨਹੀਂ ਸਨ। ਇਸ ਲਈ ਮੈਂ 100 ਰੁਪਏ ਦਾ ਨੋਟ ਉਸ ਨੂੰ ਫੜਾ ਦਿੱਤਾ ਤੇ ਕਿਹਾ, "ਮੈਂ ਸੱਤ ਫੇਜ਼ ਜਾਣਾ ਹੈ। ਇਨ੍ਹਾਂ ਦੇ ਅਤੇ ਮੇਰੇ 30 ਰੁਪਏ ਕੱਟ ਕੇ ਬਾਕੀ ਦੇ ਪੈਸੇ ਮੈਨੂੰ ਦੇ ਦੇਣਾ।" ਉਸ ਨੇ ਨੋਟ ਜੇਬ ਵਿੱਚ ਪਾ ਕੇ ਆਟੋ ਤੋਰ ਲਿਆ। ਬੀਬੀਆਂ ਧੰਨਵਾਦ ਕਰ ਕੇ ਉਤਰ ਗਈਆਂ। ਸੱਤ ਫੇਜ਼ ਵਿੱਚ ਜਦ ਮੈਂ ਉਤਰਨ ਲੱਗੀ ਤਾਂ ਆਟੋ ਵਾਲੇ ਨੇ 20 ਰੁਪਏ ਮੇਰੇ ਹੱਥ 'ਤੇ ਰੱਖ ਦਿੱਤੇ। ਮੈਂ ਹੇਠਾਂ ਉਤਰ ਕੇ ਬਾਕੀ ਪੈਸਿਆਂ ਦਾ ਇੰਤਜ਼ਾਰ ਕਰਨ ਲੱਗੀ ਪਰ ਉਸ ਨੇ ਰਿਕਸ਼ਾ ਸਟਾਰਟ ਕਰ ਲਿਆ। ਮੈਂ ਕਿਹਾ, "ਭਾਈ ਸਾਹਿਬ! ਮੇਰੇ ਬਾਕੀ ਪੈਸੇ ਦਿਉ।" ਉਸ ਨੇ ਰੁਕ ਕੇ ਕਿਹਾ, "ਕਿਹੜੇ ਪੈਸੇ?" ਮੈਂ ਤੁਹਾਨੂੰ 100 ਰੁਪਏ ਦਾ ਨੋਟ ਦਿੱਤਾ ਸੀ। ਤੀਹ ਰੁਪਏ ਕੱਟ ਕੇ ਬਾਕੀ 50 ਰੁਪਏ ਹੋਰ ਦਿਉ। ਉਹ ਫਿਰ ਅੜ ਗਿਆ ਬਈ ਤੁਸੀਂ ਮੈਨੂੰ 50 ਰੁਪਏ ਦਾ ਨੋਟ ਹੀ ਦਿੱਤਾ ਸੀ। ਤੀਹ ਰੁਪਏ ਕੱਟ ਕੇ ਮੈਂ ਤੁਹਾਨੂੰ 20 ਰੁਪਏ ਮੋੜ ਦਿੱਤੇ, ਗੱਲ ਖ਼ਤਮ। ਮੈਨੂੰ ਬੜਾ ਗੁੱਸਾ ਆਇਆ। ਮੈਂ ਕਿਹਾ, "ਭਾਈ ਸਾਹਿਬ! ਕਿਉਂ ਝੂਠ ਬੋਲ ਰਹੇ ਹੋ, 15-20 ਮਿੰਟ ਪਹਿਲਾਂ ਮੈਂ ਤੁਹਾਨੂੰ 100 ਰੁਪਏ ਦਾ ਨੋਟ ਦਿੱਤਾ ਹੈ।" ਆਟੋ ਵਾਲਾ ਕਹਿਣ ਲੱਗਾ, "ਝੂਠ ਮੈਂ ਨਹੀਂ, ਤੂੰ ਬੋਲ ਰਹੀ ਏਂ, ਮੇਰੇ ਧੰਦੇ ਨੂੰ ਬਦਨਾਮ ਕਰਨ ਲੱਗੀ ਏਂ। ਜੇ ਅਸੀਂ ਏਦਾਂ ਕਰੀਏ ਤਾਂ ਸਾਡੀ ਗੱਡੀ 'ਤੇ ਕੌਣ ਚੜ੍ਹੇਗਾ? ਐਵੇਂ ਮੇਰਾ ਸਮਾਂ ਖ਼ਰਾਬ ਨਾ ਕਰ।" ਮੈਨੂੰ ਗੁੱਸਾ ਬਹੁਤ ਆਇਆ ਪਰ ਸੋਚਿਆ ਕਿ ਕੌਣ ਮੱਥਾ ਮਾਰੇ ਇਸ ਨਾਲ। ਪੰਜਾਹ ਰੁਪਏ ਦੀ ਗੱਲ ਹੈ, ਛੱਡੋ ਪਰਾਂ। ਸੋਚ ਕੇ ਮੈਂ ਹਾਲਾਂ ਦੋ ਕੁ ਕਦਮ ਹੀ ਪੁੱਟੇ ਸਨ ਕਿ ਆਟੋ ਵਿੱਚ ਬੈਠਾ ਇੱਕ ਸਰਦਾਰ ਜੀ ਬੋਲ ਪਿਆ, "ਰੁਕੋ ਮੈਡਮ! ਇਸ ਤਰ੍ਹਾਂ ਤੁਹਾਡੇ ਚੁੱਪਚਾਪ ਚਲੇ ਜਾਣ ਨਾਲ ਇਹ ਸਾਬਤ ਹੋਵੇਗਾ ਕਿ ਤੁਸੀਂ ਝੂਠ ਬੋਲ ਰਹੇ ਸੀ।" ਮੈਂ ਕਿਹਾ, "ਫਿਰ ਮੈਂ ਕੀ ਕਰਾਂ, ਕੋਈ ਸਬੂਤ ਵੀ ਤਾਂ ਨਹੀਂ। ਉਦੋਂ ਚੜ੍ਹੀਆਂ ਹੋਈਆਂ ਸਵਾਰੀਆਂ ਤਾਂ ਰਾਹ ਵਿੱਚ ਉਤਰ ਗਈਆਂ। ਮੈਂ ਕਿਵੇਂ ਤੁਹਾਨੂੰ ਯਕੀਨ ਦੁਆਂਵਾ।" "ਹਾਂ! ਇੱਕ ਤਰੀਕਾ ਹੈ। ਇਸ ਨੂੰ ਗੁਰਦੁਆਰੇ ਲੈ ਕੇ ਚੱਲੋ। ਫਿਰ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਸਹੁੰ ਚੁੱਕੇ ਕਿ ਤੁਸੀਂ 100 ਰੁਪਏ ਨਹੀਂ ਸਨ ਦਿੱਤੇ। ਆਓ, ਬੈਠੋ ਮੈਂ ਤੁਹਾਡੇ ਨਾਲ ਚੱਲਾਂਗਾ।" ਮੈਂ ਬੇਦਿਲੀ ਜਿਹੀ ਨਾਲ ਫਿਰ ਆਟੋ ਵਿੱਚ ਬੈਠ ਗਈ। ਇੱਕ ਗੁਰਦੁਆਰੇ ਅੱਗੇ ਆਟੋ ਰੋਕ ਕੇ ਉਸ ਨੇ ਰੋਹਬ ਨਾਲ ਆਟੋ ਵਾਲੇ ਨੂੰ ਕਿਹਾ, "ਚੱਲ ਬਈ ਅੰਦਰ।" ਆਟੋ ਵਾਲਾ ਥੋੜ੍ਹਾ ਐਧਰ ਓਧਰ ਝਾਕਣ ਲੱਗਾ ਤੇ ਨਾਲ ਪੈਰ ਜਿਹੇ ਮਲਣ ਲੱਗ ਪਿਆ। ਉਸ ਸੱਜਣ ਨੇ ਕਿਹਾ, "ਨਹੀਂ ਜਾਂਦਾ ਤਾਂ 100 ਰੁਪਏ ਰੱਖ ਇਥੇ ਅਤੇ ਨਾਲੇ ਬੀਬੀ ਕੋਲੋਂ ਮਾਫੀ ਮੰਗ। ਫਿਰ ਮੈਂ ਤੈਨੂੰ ਔਹ ਸਾਹਮਣੇ ਪੁਲਸ ਚੌਕੀ ਵਿੱਚ ਲੈ ਕੇ ਜਾਵਾਂਗਾ। ਮੈਂ ਉਥੇ ਦਾ ਇੰਚਾਰਜ ਹਾਂ।"

ਇਹ ਸੁਣ ਕੇ ਆਟੋ ਵਾਲਾ ਡਰ ਗਿਆ ਪਰ ਸਰਦਾਰ ਜੀ ਉਸ ਨੂੰ ਧੱਕਦਾ ਹੋਇਆ ਅੰਦਰ ਲੈ ਗਿਆ। ਗੁਰਦੁਆਰੇ ਦੇ ਗ੍ਰੰਥੀ ਸਾਹਿਬ ਉਸ ਨੂੰ ਜਾਣਦੇ ਸਨ। ਉਨ੍ਹਾਂ ਨੇ ਕਿਹਾ, "ਛੱਡੋ ਸਰਦਾਰ ਜੀ! ਏਦਾਂ ਕਰਨ ਵਾਲੇ ਲੋਕਾਂ ਦਾ ਕੋਈ ਦੀਨ-ਈਮਾਨ ਨਹੀਂ ਹੁੰਦਾ। ਇਹ ਬਾਬਾ ਜੀ ਦੇ ਸਾਹਮਣੇ ਵੀ ਮੱਥਾ ਟੇਕ ਕੇ ਸਹੁੰ ਖਾ ਲਵੇਗਾ। ਇਨ੍ਹਾਂ ਬੀਬੀ ਹੋਰਾਂ ਨੂੰ ਤਾਂ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਪੰਜਾਬੀ ਦੀਆਂ ਕਹਾਣੀਆਂ ਲਿਖਦੇ ਹਨ।" ਉਸ ਨੇ ਫਿਰ ਕਿਹਾ, "ਬੀਬੀ ਜੀ! ਤੁਸੀਂ ਕਿੱਥੇ ਇਸ ਆਦਮੀ ਦੇ ਚੱਕਰ ਵਿੱਚ ਫਸ ਗਏ। ਸ਼ੁਕਰ ਕਰੋ ਕਿ ਉਸ ਨੇ ਤੁਹਾਨੂੰ 20 ਰੁਪਏ ਦੇ ਦਿੱਤੇ, ਉਹ ਤਾਂ ਸਿਰੇ ਤੋਂ ਹੀ ਮੁਕਰ ਸਕਦਾ ਸੀ।" ਸਰਦਾਰ ਜੀ ਨੇ ਉਸ ਨੂੰ ਕਿਹਾ ਕਿ "ਅੱਜ ਮੈਂ ਤੈਨੂੰ ਬਖ਼ਸ਼ ਦਿੰਦਾ ਹਾਂ ਕਿ ਕਿਉਂਕਿ ਤੂੰ ਗੁਰੂਘਰ ਵਿੱਚ ਖੜ੍ਹਾ ਏਂ। ਗੁਰੂ ਸਾਹਿਬ ਦਾ ਹੁਕਮ ਹੈ ਕਿ ਨਿਰਦੋਸ਼ਾਂ ਤੇ ਬੇਕਸੂਰਾਂ ਦੀ ਮਦਦ ਕਰੋ। ਤੇਰੇ ਬੀਵੀ-ਬੱਚੇ ਨਿਰਦੋਸ਼ ਹਨ। ਤੇਰੇ ਇਸ ਝੂਠ ਵਿੱਚ ਉਹ ਸ਼ਾਮਲ ਨਹੀਂ। ਉਹ ਸ਼ਾਮ ਨੂੰ ਤੈਨੂੰ ਉਡੀਕਣਗੇ ਕਿ ਤੂੰ ਉਨ੍ਹਾਂ ਦੇ ਭੋਜਨ ਦਾ ਜੁਗਾੜ ਕਰਕੇ ਆਵੇਗਾ। ਅੱਗੇ ਤੋਂ ਅਜਿਹਾ ਕਾਰਾ ਨਾ ਕਰੀਂ।" ਆਟੋ ਵਾਲਾ ਹਾਲੇ ਵੀ ਕੌੜੀਆਂ ਨਜ਼ਰਾਂ ਨਾਲ ਮੈਨੂੰ ਘੂਰ ਰਿਹਾ ਸੀ। ਜਾਪਦਾ ਸੀ ਕਿ ਉਸ 'ਤੇ ਇਸ ਘਟਨਾ ਦਾ ਕੋਈ ਅਸਰ ਨਹੀਂ ਪਿਆ।

ਕਿਸੇ ਨੇ ਸੱਚ ਹੀ ਕਿਹਾ ਹੈ 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਚਾਹੇ ਕੱਟੀਏ ਪੋਰੀਆਂ-ਪੋਰੀਆਂ ਜੀ।'

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

# ਸਪੀਕਰ ਦੀਆਂ ਸ਼ਕਤੀਆਂ ਉੱਤੇ ਰੋਕ ਕੀ ਸਿਆਸੀ ਦਲ ਮੰਨਣਗੇ

-ਪੂਨਮ ਆਈ ਕੌਸ਼ਿਸ਼-

ਮੰਨੋ ਜਾਂ ਨਾ ਮੰਨੋ, ਸਪੀਕਰ ਦੇ ਅਹੁਦੇ 'ਤੇ ਰੋਕ ਲਾਈ ਗਈ ਹੈ। ਪਾਰਲੀਮੈਂਟ ਦਾ ਨਵਾਂ ਸੈਸ਼ਨ ਸ਼ੁਰੂ ਹੋਣ ਵਾਲਾ ਹੈ, ਪਰ ਸੁਪਰੀਮ ਕੋਰਟ ਵਿਧਾਨ ਸਭਾਵਾਂ ਦੇ ਸਪੀਕਰਾਂ ਦੀ ਭੂਮਿਕਾ ਵਿੱਚ ਸੁਧਾਰ ਕਰ ਕੇ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਉਤੇ ਰੋਕ ਲਾ ਕੇ ਨਵੀਂ ਸ਼ੁਰੂਅਤ ਕਰਨ ਦਾ ਯਤਨ ਕਰ ਰਹੀ ਹੈ। ਦੇਖਣਾ ਹੈ ਕਿ ਕੀ ਸਾਡੀਆਂ ਸਿਆਸੀ ਪਾਰਟੀਆਂ, ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਇਸ ਦੇ ਲਈ ਸਹਿਮਤ ਹੋਣਗੇ।

ਇੱਕ ਦੂਰ ਦ੍ਰਿਸ਼ਟੀ ਵਾਲੇ ਫੈਸਲੇ ਵਿੱਚ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਹੈ ਕਿ ਪਾਰਲੀਮੈਂਟ ਅਤੇ ਸੂਬਾਈ ਵਿਧਾਨ ਸਭਾਵਾਂ ਦੇ ਸਪੀਕਰ ਨੂੰ ਇਸ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਨੂੰ ਅਯੋਗ ਐਲਾਨਣ ਦੀ ਸ਼ਕਤੀ ਰਹਿਣੀ ਚਾਹੀਦੀ ਹੈ ਕਿਉਂਕਿ ਉਹ ਕਿਸੇ ਵਿਸ਼ੇਸ਼ ਸਿਆਸੀ ਦਲ ਤੋਂ ਹੁੰਦੇ ਹਨ। ਅਦਾਲਤ ਨੇ ਕਿਹਾ ਕਿ ਮੈਂਬਰਾਂ ਨੂੰ ਅਯੋਗ ਐਲਾਨਣ ਦੀਆਂ ਪਟੀਸ਼ਨਾਂ 'ਤੇ ਫੈਸਲਾ ਗੈਰ-ਸਾਧਾਰਨ ਹਾਲਾਤ ਨੂੰ ਛੱਡ ਕੇ ਤਿੰਨ ਮਹੀਨਿਆਂ ਵਿੱਚ ਹੋਣਾ ਚਾਹੀਦਾ ਹੈ ਤੇ ਜੇ ਦੇਰੀ ਹੁੰਦੀ ਹੈ ਤਾਂ ਅਦਾਲਤਾਂ ਨੂੰ ਇਸ ਦਖਲ ਦੇਣ ਦਾ ਅਧਿਕਾਰ ਹੈ।

ਪਾਰਲੀਮੈਂਟ ਦੇ ਸਪੀਕਰ ਦੀਆਂ ਮੈਂਬਰਾਂ ਨੂੰ ਅਯੋਗ ਐਲਾਨਣ ਦੀਆਂ ਸ਼ਕਤੀਆਂ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ, ਹਾਈ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਿੱਚ ਇੱਕ ਆਜ਼ਾਦ ਅਥਾਰਟੀ ਦੇ ਗਠਨ ਬਾਰੇ ਵਿਚਾਰ ਕਰ ਰਹੀ ਹੈ ਤਾਂ ਕਿ ਇਹ ਯਕੀਨੀ ਹੋਵੇ ਕਿ ਅਜਿਹੇ ਵਿਵਾਦਾਂ ਦਾ ਤੁਰੰਤ ਤੇ ਨਿਰਪੱਖ ਤੌਰ 'ਤੇ ਫੈਸਲਾ ਹੋ ਸਕੇ। ਇਸ ਸੁਝਾਅ ਦੇ ਪਿੱਛੇ ਤਰਕ ਇਹ ਹੈ ਕਿ ਸਪੀਕਰ ਵੀ ਹਾਕਮ ਪਾਰਟੀਆਂ ਦੈ ਮੈਂਬਰ ਹੁੰਦੇ ਹਨ ਤੇ ਉਹ ਪੱਖਪਾਤ ਨਾਲ ਕੰਮ ਕਰ ਸਕਦੇ ਹਨ। ਅਦਾਲਤ ਨੇ ਇਹ ਫੈਸਲਾ ਮਣੀਪੁਰ ਦੇ ਇੱਕ ਕਾਂਗਰਸੀ ਵਿਧਾਇਕ ਨੂੰ ਅਯੋਗ ਠਹਿਰਾਉਣ ਬਾਰੇ ਦਿੱਤਾ ਸੀ, ਜਿਸ ਵਿੱਚ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਭਾਜਪਾ ਦੀ ਮੈਂਬਰਸ਼ਿਪ ਲੈ ਲਈ ਗਈ ਸੀ ਅਤੇ ਕਾਂਗਰਸ ਨੇ ਵਿਧਾਨ ਸਭਾ ਸਪੀਕਰ ਨੂੰ ਉਸ ਨੂੰ ਅਯੋਗ ਐਲਾਨਣ ਨੂੰ ਕਿਹਾ, ਪਰ ਸਪੀਕਰ ਨੇ ਏਦਾਂ ਨਹੀਂ ਕੀਤਾ ਅਤੇ ਪਟੀਸ਼ਨ ਪੈਂਡਿੰਗ ਰੱਖੀ ਸੀ।

ਨਿਸ਼ਚਿਤ ਤੌਰ ਉਤੇ ਦਲ ਬਦਲ ਵਿਰੋਧੀ ਕਾਨੂੰਨ ਦੇ ਲਾਗੂ ਹੋਣ ਬਾਰੇ ਵਾਰ-ਵਾਰ ਉਠਦੇ ਵਿਵਾਦਾਂ ਦੇ ਕਾਰਨ ਇਹ ਫੈਸਲਾ ਸਵਾਗਤ ਯੋਗ ਹੈ। ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਅਕਸਰ ਲਾਲਚ ਵਿੱਚ ਇੱਕ ਤੋਂ ਦੂਜੀ ਪਾਰਟੀ ਵਿੱਚ ਚਲੇ ਜਾਂਦੇ ਹਨ ਅਤੇ ਸਪੀਕਰ ਅੱਖਾਂ ਬੰਦ ਕਰ ਲੈਂਦੇ ਹਨ ਜਾਂ ਆਪਣੇ ਮਾਈ-ਬਾਪ ਦੀ ਸਹਾਇਤਾ ਲਈ ਆਪਣਾ ਹੁਕਮ ਪੈਂਡਿੰਗ ਰੱਖਦੇ ਹਨ। ਇਹ ਪਿਛਲੇ ਸੱਤ ਦਹਾਕਿਆਂ ਤੋਂ ਚੱਲ ਰਿਹਾ ਹੈ, ਜਿਸ ਵਿੱਚ ਦੇਖਣ ਨੂੰ ਮਿਲਿਆ ਕਿ ਸਪੀਕਰ ਪੱਖਪਾਤ ਪੂਰਨ ਰਾਜਨੀਤੀ ਕਰਦੇ ਹਨ, ਜਿਵੇਂ ਲੋਕ ਸਭਾ ਦੇ ਇੱਕ ਸਾਬਕਾ ਸਪੀਕਰ ਨੇ ਕਿਹਾ, ''ਅਸੀਂ ਪਾਰਟੀ ਟਿਕਟ 'ਤੇ ਪਾਰਟੀ ਦੇ ਪੈਸੇ ਨਾਲ ਚੁਣੇ ਜਾਂਦੇ ਹਾਂ ਤੇ ਜੇ ਸਪੀਕਰ ਬਣਨ 'ਤੇ ਮੈਂ ਅਸਤੀਫਾ ਵੀ ਦੇ ਦੇਵਾਂ ਤਾਂ ਅਗਲੀਆਂ ਚੋਣਾਂ ਲਈ ਮੈਨੂੰ ਕਿਸੇ ਨਾ ਕਿਸੇ ਕੋਲ ਜਾਣਾ ਪਵੇਗਾ। ਇਸ ਲਈ ਮੈਂ ਆਜ਼ਾਦੀ ਦਾ ਦਾਅਵਾ ਕਿਵੇਂ ਕਰ ਸਕਦਾ ਹਾਂ। ਮੈਂ ਆਪਣੀ ਪਾਰਟੀ ਤੇ ਇਸ ਦੇ ਹਿੱਤਾਂ ਵਿਰੁੱਧ ਫੈਸਲਾ ਕਿਵੇਂ ਦੇ ਸਕਦਾ ਹਾਂ।''

ਜਦੋਂ ਕੇਂਦਰ ਅਤੇ ਸੂਬਿਆਂ ਵਿੱਚ ਪਾਰਲੀਮੈਂਟ ਮੈਂਬਰ-ਵਿਧਾਇਕ-ਸਪੀਕਰ ਦੀਆਂ ਭੂਮਿਕਾਵਾਂ ਪਲਕ ਝਪਕਦੇ ਹੀ ਬਦਲ ਜਾਂਦੀਆਂ ਹਨ ਤਾਂ ਕੋਈ ਇਤਰਾਜ਼ ਨਹੀਂ ਕਰਦਾ। ਪਾਰਟੀਆਂ ਸੰਵਿਧਾਨਕ ਅਹੁਦੇ ਦੀ ਵਰਤੋਂ ਪਾਰਟੀ ਵਰਕਰਾਂ ਨੂੰ ਸਨਮਾਨਿਤ ਕਰਨ ਲਈ ਕਰਦੀਆਂ ਹਨ ਤੇ ਸਪੀਕਰ ਵੀ ਇਸ ਤੋਂ ਵੱਖਰੇ ਨਹੀਂ ਹਨ। ਸੱਤਾਧਾਰੀ ਪਾਰਟੀ ਦੇ ਮੰਤਰੀ ਅਤੇ ਪਾਰਲੀਮੈਂਟ ਮੈਂਬਰ ਸਪੀਕਰ ਦੇ ਅਹੁਦੇ 'ਤੇ ਸਿਰਫ ਆਪਣੀ ਸਰਕਾਰ ਦੀ ਮਦਦ ਕਰਨ ਲਈ ਸਵੀਕਾਰ ਕਰਦੇ ਹਨ ਅਤੇ ਇਸ ਮਾਮਲੇ ਵਿੱਚ ਭਾਵੇਂ ਭਾਜਪਾ ਹੋਵੇ, ਕਾਂਗਰਸ ਹੋਵੇ ਜਾਂ ਕੋਈ ਹੋਰ ਦਲ, ਸਾਰੇ ਇੱਕੋ ਜਿਹੇ ਹਨ। ਲੋਕ ਸਭਾ ਦੇ ਮੌਜੂਦਾ ਸਪੀਕਰ ਓਮ ਬਿਰਲਾ ਪਹਿਲਾਂ ਰਾਜਸਥਾਨ ਵਿੱਚ ਵਿਧਾਇਕ ਅਤੇ ਫਿਰ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਹਨ। ਇਸ ਤੋਂ ਪਹਿਲਾਂ ਕਾਂਗਰਸ ਤੋਂ ਸਪੀਕਰ ਮੀਰਾ ਕੁਮਾਰ ਪਾਰਲੀਮੈਂਟ ਮੈਂਬਰ, ਮੰਤਰੀ ਰਹਿ ਚੁੱਕੀ ਹੈ। ਸ਼ਿਵਰਾਜ ਪਾਟਿਲ ਵੀ ਮੰਤਰੀ ਰਹਿ ਚੁੱਕੇ ਸਨ। ਉਹ ਚੋਣ ਹਾਰ ਗਏ, ਪਰ ਕਾਂਗਰਸ ਉਨ੍ਹਾਂ ਨੂੰ ਰਾਜ ਸਭਾ ਵਿੱਚ ਲੈ ਆਈ ਤੇ ਫਿਰ ਉਨ੍ਹਾਂ ਨੂੰ ਗ੍ਰਹਿ ਮੰਤਰੀ ਬਣਾਇਆ ਸੀ। ਬਲਰਾਮ ਜਾਖੜ ਨੇ ਕਾਂਗਰਸੀ ਨੇਤਾ ਵਜੋਂ ਆਪਣੀ ਪਛਾਣ ਕਦੇ ਨਹੀਂ ਲੁਕੋਈ ਅਤੇ ਰਬੀ ਰਾਏ ਆਪਣੀ ਜਨਤਾ ਪਾਰਟੀ ਦੀਆਂ ਆਸਾਂ 'ਤੇ ਖਰੇ ਉਤਰੇ। ਸੂਬਿਆਂ ਵਿੱਚ ਸਥਿਤੀ ਹੋਰ ਵੀ ਖਰਾਬ ਹੈ, ਜਿੱਥੇ ਮੰਤਰੀਆਂ ਦਾ ਸਪੀਕਰ ਬਣਨ ਅਤੇ ਸਪੀਕਰ ਦੇ ਮੰਤਰੀ ਬਣਨ ਦੇ ਵਿਸ਼ੇ ਵਿੱਚ ਕੋਈ ਕਿਆਸ ਨਹੀਂ ਲਾਇਆ ਜਾ ਸਕਦਾ ਭਾਵੇਂ ਕਰਨਾਟਕ ਹੋਵੇ, ਉਤਰ ਪੂਰਬ ਦੇ ਸੂਬੇ, ਗੋਆ, ਉਤਰ ਪ੍ਰਦੇਸ਼, ਤਾਮਿਲ ਨਾਡੂ ਆਦਿ ਹੋਣ। ਲੋਕ ਸਭਾ ਦੇ ਪ੍ਰਕਿਰਿਆ ਨਿਯਮ ਮੁੱਖ ਤੌਰ 'ਤੇ ਬ੍ਰਿਟੇਨ ਦੇ ਵੈਸਟਮਿੰਸਟਰ ਪਾਰਲੀਮੈਂਟੀ ਲੋਕਤੰਤਰ 'ਤੇ ਆਧਾਰਤ ਹਨ, ਪਰ ਇਸ ਵਿੱਚ ਆਜ਼ਾਦ ਸਪੀਕਰ ਦੇ ਮਹੱਤਵ ਪੂਰਨ ਮੁੱਦੇ ਦੀ ਅਣਡਿੱਠਤਾ ਕੀਤੀ ਗਈ ਹੈ। ਵੈਸਟਮਿੰਸਟਰ ਮਾਡਲ ਵਿੱਚ ਕਿਸੇ ਪਾਰਲੀਮੈਂਟ ਮੈਂਬਰ ਦੇ ਸਪੀਕਰ ਬਣਨ 'ਤੇ ਉਹ ਪਾਰਲੀਮੈਂਟ ਮੈਂਬਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੰਦਾ ਹੈ ਤੇ ਬਾਅਦ ਦੀਆਂ ਚੋਣਾਂ ਵਿੱਚ ਹਾਊਸ ਆਫ ਕਾਮਨਜ਼ ਲਈ ਨਿਰਵਿਰੋਧੀ ਚੁਣਿਆ ਜਾਂਦਾ ਹੈ।

ਭਾਰਤ ਵਿੱਚ ਸਪੀਕਰ ਨੂੰ ਸਾਰੇ ਮੁੱਦਿਆਂ ਦਾ ਫੈਸਲਾ ਕਰਨ ਲਈ ਪਰਮ ਸ਼ਕਤੀਆਂ ਦਿੱਤੀਆਂ ਗਈਆਂ ਹਨ, ਭਾਵੇਂ ਉਹ ਸਵਾਲਾਂ ਨੂੰ ਸਵੀਕਾਰ ਕਰਨਾ ਬਾਰੇ ਹੋਣ ਜਾਂ ਕੰਮ ਰੋਕੂ ਮਤਾ ਸਵੀਕਾਰ ਕਰਨ ਬਾਰੇ ਹੋਵੇ ਜਾਂ ਕਮੇਟੀਆਂ ਦੀ ਰਿਪੋਰਟ ਬਾਰੇ ਫੈਸਲਾ ਕਰਨਾ ਹੋਵੇ ਜਾਂ ਕੌਣ ਕਿੰਨੇ ਸਮੇਂ ਤੱਕ ਬੋਲੇਗਾ ਆਦਿ। ਅਸਲ ਵਿੱਚ ਭਾਰਤ ਵਿੱਚ ਸਪੀਕਰ ਨੂੰ ਵਿਸ਼ਵ ਦੇ ਕਿਸੇ ਵੀ ਸਪੀਕਰ ਤੋਂ ਵੱਧ ਸ਼ਕਤੀਆਂ ਹਾਸਲ ਹਨ। ਇਸ ਲਈ ਸਥਿਤੀ ਅਜਿਹੀ ਬਣ ਗਈ ਹੈ ਕਿ ਸਪੀਕਰ ਦੀ ਭੂਮਿਕਾ ਤੇ ਦਿੱਖ ਬਹੁਤ ਵੱਡੀ ਹੋ ਗਈ ਹੈ। ਉਹ ਇੱਕ ਸਕੂਲ ਦੇ ਅਧਿਆਪਕ ਵਾਂਗ ਕਲਾਸ ਦਾ ਕੇਂਦਰ ਬਿੰਦੂ ਬਣ ਗਿਆ ਹੈ। ਉਹ ਅਜਿਹਾ ਵਿਅਕਤੀ ਬਣ ਗਿਆ ਹੈ, ਜੋ ਕੋਈ ਗਲਤੀ ਨਹੀਂ ਕਰ ਸਕਦਾ ਅਤੇ ਜਿਸ ਦੇ ਕੰਮਾਂ 'ਤੇ ਸਵਾਲ ਨਹੀਂ ਉਠਾਇਆ ਜਾ ਸਕਦਾ, ਪਰ ਸੱਚ ਇਹ ਹੈ ਕਿ ਸਪੀਕਰ ਸਦਨ ਦਾ ਸੇਵਕ ਹੈ, ਪਰ ਅੱਜ ਸਦਨ ਦੇ ਪ੍ਰਕਿਰਿਆ ਨਿਯਮਾਂ ਕਾਰਨ ਉਹ ਸਦਨ ਦਾ ਸੁਆਮੀ ਬਣ ਗਿਆ ਹੈ।

ਅਜਿਹੇ ਵਾਤਾਵਰਣ 'ਚ ਜਦੋਂ ਦੇਸ਼ ਵਿੱਚ ਨਾਜ਼ੁਕ ਰਾਜਨੀਤੀ ਦਾ ਬੋਲਬਾਲਾ ਹੋਵੇ, ਸਪੀਕਰ ਦੀ ਭੂਮਿਕਾ ਹੋਰ ਵੀ ਮਹੱਤਵ ਪੂਰਨ ਬਣ ਸਕਦੀ ਹੈ। ਅੱਜ ਵੀ ਉਹ ਮਹੱਤਵ ਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਐਸਕਾਈਨਮੇ ਅਨੁਸਾਰ ਸਪੀਕਰ ਤੋਂ ਬਿਨਾਂ ਸਦਨ ਦੀ ਕੋਈ ਸੰਵਿਧਾਨਕ ਹੋਂਦ ਨਹੀਂ ਹੈ। ਨਹਿਰੂ ਵੀ ਸਪੀਕਰ ਦੇ ਅਹੁਦੇ ਦੇ ਮਹੱਤਵ 'ਤੇ ਜ਼ੋਰ ਦਿੰਦੇ ਸਨ ਅਤੇ ਉਹ ਇਸ ਦੇ ਵੱਕਾਰ ਤੇ ਸ਼ਕਤੀਆਂ ਦਾ ਸਨਮਾਨ ਕਰਦੇ ਸਨ। 1958 ਵਿੱਚ ਨਹਿਰੂ ਨੇ ਕਿਹਾ ਸੀ, 'ਸਪੀਕਰ ਸਦਨ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਸਦਨ ਦੀ ਸ਼ਾਨ ਅਤੇ ਆਜ਼ਾਦੀ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਲਈ ਇਹ ਉਚਿਤ ਹੋਵੇਗਾ ਕਿ ਸਪੀਕਰ ਦਾ ਅਹੁਦਾ ਇੱਕ ਸਨਮਾਨਯੋਗ ਅਤੇ ਆਜ਼ਾਦ ਅਹੁਦਾ ਹੋਵੇ ਅਤੇ ਇਸ 'ਤੇ ਹਮੇਸ਼ਾ ਸਮਰੱਥ ਅਤੇ ਨਿਰਪੱਖ ਵਿਅਕਤੀ ਬਿਰਾਜਮਾਨ ਹੋਵੇ।"

ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਵਿਵਸਥਾ ਦੀਆਂ ਖਾਮੀਆਂ ਦੂਰ ਕਰੀਏ। ਨਿਯਮਾਂ ਵਿੱਚ ਜ਼ਰੂਰੀ ਬਦਲਾਅ ਕੀਤੇ ਜਾਣ ਤਾਂ ਕਿ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਨੂੰ ਵਾਪਸ ਪਟੜੀ 'ਤੇ ਲਿਆਂਦਾ ਜਾ ਸਕੇ। ਸਪੀਕਰ ਦੀਆਂ ਸ਼ਕਤੀਆਂ ਬਾਰੇ ਮੁੜ ਵਿਚਾਰ ਕੀਤਾ ਜਾਵੇ। ਨਾਲ ਸਦਨ ਦੀ ਸਰਬ ਉਚਤਾ ਸਥਾਪਤ ਕੀਤੀ ਜਾਵੇ ਤਾਂ ਕਿ ਇਹ ਯਕੀਨੀ ਹੋ ਸਕੇ ਕਿ ਉਹ ਨਿਰਪੱਖ ਬਣੇ ਰਹਿਣ, ਪਰ ਉਪਾਅ ਆਸਾਨ ਨਹੀਂ। ਇਸ ਦੀ ਪ੍ਰਕਿਰਿਆ ਹੌਲੀ ਅਤੇ ਲੰਮੀ ਹੋ ਸਕਦੀ ਹੈ। ਸਪੀਕਰਾਂ ਨੂੰ ਵੀ ਸੰਭਲ ਕੇ ਚੱਲਣਾ ਹੋਵੇਗਾ। ਉਨ੍ਹਾਂ ਨੂੰ ਹੋਰ ਗੱਲਾਂ ਦੇ ਨਾਲ ਇਹ ਯਕੀਨੀ ਕਰਨਾ ਹੋਵੇਗਾ ਕਿ ਭਾਵੇਂ ਸਰਕਾਰ ਆਪਣੀ ਮਨਮਰਜ਼ੀ ਕਰੇ, ਪਰ ਵਿਰੋਧੀ ਧਿਰ ਨੂੰ ਬੋਲਣ ਦਾ ਮੌਕਾ ਮਿਲੇ। ਸ਼ਾਇਦ ਲੋਕਾਂ ਨੂੰ ਪਤਾ ਨਾ ਹੋਵੇ, ਸਪੀਕਰ ਨੂੰ ਕਿਸੇ ਗੱਲ ਨੂੰ ਵੀ ਕਾਰਵਾਈ ਵੇਰਵੇ ਵਿੱਚੋਂ ਕੱਢਣ ਦਾ ਅਧਿਕਾਰ ਨਹੀਂ, ਬਸ਼ਰਤੇ ਕਿ ਉਹ ਗੱਲ ਗੈਰ ਪਾਰਲੀਮੈਂਟਰੀ ਨਾ ਹੋਵੇ। ਉਹ ਇਹ ਵੀ ਨਹੀਂ ਕਹਿ ਸਕਦਾ ਕਿ ਇਹ ਕਾਰਵਾਈ ਵੇਰਵੇ ਵਿੱਚ ਸ਼ਾਮਲ ਨਹੀਂ ਕੀਤੀ ਜਾਵੇਗੀ ਕਿਉਂਕਿ ਇਸ ਨਾਲ ਮੈਂਬਰਾਂ ਨੂੰ ਦਿੱਤੀ ਪ੍ਰਗਟਾਵੇ ਦੀ ਆਜ਼ਾਦੀ ਉਤੇ ਹਮਲਾ ਹੁੰਦਾ ਹੈ। ਸਮਾਂ ਆ ਗਿਆ ਹੈ ਕਿ ਨਿਯਮਾਂ ਵਿੱਚ ਬਦਲਾਅ ਕੀਤਾ ਜਾਵੇ ਤੇ ਇਹ ਯਕੀਨੀ ਕਰੀਏ ਕਿ ਸਪੀਕਰ ਸਦਨ ਦਾ ਸੇਵਕ ਹੋਵੇ, ਨਾ ਕਿ ਇਸ ਦਾ ਮਾਲਕ।

ਆਸ ਕੀਤੀ ਜਾਂਦੀ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਸਥਿਤੀ ਵਿੱਚ ਬਦਲਾਅ ਆਵੇਗਾ ਅਤੇ ਸਪੀਕਰ ਨਿਰਪੱਖਤਾ ਨਾਲ ਕੰਮ ਕਰਨਗੇ। ਸਪੀਕਰਾਂ ਨੂੰ ਇਹ ਸਮਝਣਾ ਹੋਵੇਗਾ ਕਿ ਉਹ ਭਾਰਤ ਦੀ ਲੋਕਤੰਤਰਿਕ ਪਛਾਣ ਬਣਾਈ ਰੱਖਣ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ ਅਤੇ ਉਸ ਨੂੰ ਬ੍ਰਿਟੇਨ ਦੀ ਇਸ ਕਹਾਵਤ ਨੂੰ ਧਿਆਨ ਵਿੱਚ ਰਖਣਾ ਚਾਹੀਦਾ ਹੈ ਕਿ ਇੱਕ ਵਾਰ ਸਪੀਕਰ, ਤਾਂ ਸਦਾ ਲਈ ਸਪੀਕਰ। ਸਪੀਕਰ ਅਹੁਦੇ ਦੀ ਨਿਰਪੱਖਤਾ ਅਤੇ ਆਜ਼ਾਦੀ ਯਕੀਨੀ ਕਰਨ ਦਾ ਇੱਕ ਉਪਾਅ ਇਹ ਹੈ ਕਿ ਇਸ ਅਹੁਦੇ ਨੂੰ ਰਾਜਨੀਤੀ ਤੋਂ ਦੂਰ ਰੱਖਿਆ ਜਾਵੇ ਕਿ ਸਪੀਕਰ ਪਾਰਟੀ ਰਾਜਨੀਤੀ ਤੋਂ ਵੱਖ ਹੋ ਜਾਵੇ। ਇੱਕ ਉਪਾਅ ਇਹ ਹੈ ਕਿ ਉਸ ਨੂੰ ਅਗਲੀ ਵਾਰ ਸਦਨ ਲਈ ਨਿਰਵਿਰੋਧ ਚੁਣਿਆ ਜਾਵੇ। ਖੁਸ਼ੀ ਦੀ ਗੱਲ ਇਹ ਹੈ ਕਿ ਲੋਕ ਸਭਾ ਸਪੀਕਰ ਓਮ ਬਿਰਲਾ ਸੁਪਰੀਮ ਕਰੋਟ ਦੇ ਫੈਸਲੇ ਨਾਲ ਸਹਿਮਤ ਹਨ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਵਿਧਾਨ ਸਭਾਵਾਂ ਵਿੱਚ ਸਪੀਕਰ ਦੀਆਂ ਸ਼ਕਤੀਆਂ ਸੀਮਿਤ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਸਿਹਤਮੰਦ ਲੋਕਤੰਤਰ ਦੀ ਪਰੰਪਰਾ ਨੂੰ ਬਣਾਈ ਰੱਖਣ ਵਿੱਚ ਮਦਦ ਕਰੇਗਾ ਤਾਂ ਕਿ ਕਿਸੇ ਅਦਾਲਤ ਨੂੰ ਉਨ੍ਹਾਂ ਦੇ ਕੰਮ ਉੱਤੇ ਟਿੱਪਣੀ ਨਾ ਕਰਨੀ ਪਵੇ।

ਕੁੱਲ ਮਿਲਾ ਕੇ ਸਪੀਕਰ ਨੂੰ ਇੰਦਰਾ ਗਾਂਧੀ ਦੇ ਇਨ੍ਹਾਂ ਸ਼ਬਦਾਂ ਬਾਰੇ ਸੋਚਣਾ ਚਾਹੀਦਾ ਹੈ, 'ਪਾਰਲੀਮੈਂਟ ਲੋਕਤੰਤਰ ਦੀ ਫਸੀਲ ਹੈ। ਇਸ ਦੇ ਸਾਹਮਣੇ ਅਜਿਹੀ ਦਿੱਖ ਬਣਾਉਣ ਦਾ ਕੰਮ ਹੈ, ਜਿਸ ਨਾਲ ਲੋਕ ਇਸ ਵਿੱਚ ਵਿਸ਼ਵਾਸ ਰੱਖਣ ਤੇ ਉਸ ਦਾ ਸਨਮਾਨ ਕਰਨ ਕਿਉਂਕਿ ਜੇ ਲੋਕਾਂ ਦਾ ਵਿਸ਼ਵਾਸ ਅਤੇ ਸਨਮਾਨ ਚਲਾ ਗਿਆ ਤਾਂ ਮੈਂ ਨਹੀਂ ਜਾਣਦੀ ਕਿ ਅੱਗੇ ਕੀ ਹੋਵੇਗਾ।'' ਇਹ ਵਿਸ਼ਵਾਸ ਤੇ ਸਨਮਾਨ ਸਪੀਕਰ ਵੱਲੋਂ ਇੱਕ ਨਵੀਂ ਪਹਿਲ ਕਰ ਕੇ ਬਹਾਲ ਕੀਤਾ ਜਾਣਾ ਚਾਹੀਦਾ ਹੈ। ਕੀ ਸਿਆਸੀ ਦਲ ਇਸ ਗੱਲ ਨੂੰ ਮੰਨਣਗੇ।

## ਗੁਰਦੁਆਰਾ ਪਹਿਲੀ ਪਾਤਸ਼ਾਹੀ, ਸ਼ਿਕਾਰਪੁਰ, ਜ਼ਿਲਾ ਸਿੱਖਰ



ਸ਼ਿਕਾਰਪੁਰ, ਜ਼ਿਲਾ ਸਿੱਖਰ ਦਾ ਇੱਕ ਬਹੁਤ ਵੱਡਾ ਨਗਰ ਹੈ। ਇਸ ਅੰਦਰ ਸਤਿਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਹੈ। ਇਸ ਅਸਥਾਨ ਨੂੰ ਸਿੰਧੀ ਵਿੱਚ '' ਪੂਜ ਉਦਾਸੀਅਨ ਸਮਾਧਾਂ ਆਸਰਮ '' ਆਖਿਆ ਜਾਂਦਾ ਹੈ। ਇਹ ਬਹੁਤ ਹੀ ਵੱਡਾ ਅਸਥਾਨ ਹੈ ਇਸ ਦੇ ਅੰਦਰ ਬੋਹੜ ਦਾ ਉਹ ਬ੍ਰਿਛ ਅੱਜ ਤੱਕ ਮੌਜੂਦ ਹੈ, ਜਿਸ ਥੱਲੇ ਜਗਤ ਗੁਰੂ ਨਾਨਕ ਦੇਵ ਜੀ ਬਿਰਾਜੇ। ਅਸਥਾਨ ਦੇ ਨਾਲ ਉਦਾਸੀਆਂ ਦੀਆਂ ਸਮਾਧੀਆਂ ਹਨ। ਇਥੇ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਕਹਾਣੀ

## ਪੁੰਨ ਦਾਨ

-ਚਮਨ ਅਰੋੜਾ-

ਕਰਮਵੀਰ ਸ਼ਰਮਾ ਬਰਾਂਡੇ 'ਚ ਬੈਠਾ ਅਖਬਾਰ ਪੜ੍ਹ ਰਿਹਾ ਸੀ, ਜਦ ਉਸ ਦੀ ਪਤਨੀ ਪਿੱਛੇ ਲੱਗਦੀ ਸਬਜ਼ੀ ਮੰਡੀ ਤੋਂ ਖਰੀਦੀਆਂ ਸਬਜ਼ੀਆਂ ਦਾ ਥੈਲਾ ਚੁੱਕੀ ਘਰ ਦੇ ਗੇਟ ਖੋਲ੍ਹ ਕੇ ਅੰਦਰ ਵੜ੍ਹੀ। ਖਾਲੀ ਪਈ ਕੁਰਸੀ 'ਤੇ ਥੈਲਾ ਰੱਖਿਆ ਅਤੇ ਨਾਲ ਹੀ ਰੋਣ ਲੱਗ ਪਈ। ਉਸ ਦੀਆਂ ਲਾਲ ਸੂਹੀਆਂ ਅੱਖਾਂ ਦੱਸ ਰਹੀਆਂ ਸਨ ਕਿ ਉਹ ਰਸਤੇ 'ਚ ਵੀ ਰੋਂਦੀ ਆਈ ਸੀ। ਪਤੀ ਦੇ ਕਾਰਨ ਪੁੱਛਣ 'ਤੇ ਉਹ ਹੋਰ ਵੀ ਉਚੀ ਉਚੀ ਰੋਣ ਲੱਗੀ।

ਕਰਮਵੀਰ ਨੇ ਖਿੱਝ ਕੇ ਕਿਹਾ, ''ਸਰਲਾ, ਰੋਈ ਜਾਏਂਗੀ ਕਿ ਵਜ੍ਹਾ ਵੀ ਦੱਸੇਂਗੀ।''

ਪਤੀ ਦੀ ਖਿੱਝ ਭਰੀ ਆਵਾਜ਼ ਨੇ ਬਜਾਏ ਦਿਲਾਸਾ ਦੇਣ ਦੇ ਸਰਲਾ ਦੇ ਰੋਣ ਨੂੰ ਏਨਾ ਉੱਚਾ ਕਰ ਦਿੱਤਾ ਕਿ ਰਸੋਈ 'ਚ ਨਾਸ਼ਤਾ ਬਣਾ ਰਹੀ ਪਿਛਲੇ ਦਸਾਂ ਸਾਲਾਂ ਤੋਂ ਘਰ 'ਚ ਕੰਮ ਕਰਨ ਵਾਲੀ ਨੌਕਰਾਣੀ ਲੁਬਨਾਬਾਈ ਭੱਜੀ ਆਈ।

''ਕੀ ਹੋਇਆ ਬੀਬੀ ਜੀ?''

ਬੀਬੀ ਜੀ ਨੇ ਦੱਸਣਾ ਥੋੜ੍ਹਾ ਸੀ, ਰੋਣਾ ਸੀ। ''ਹੂੰ...ਹੂੰ...ਹੂੰ।''

ਪਤੀ ਦੀ ਖਿੱਝ ਗੁੱਸੇ 'ਚ ਬਦਲ ਗਈ, ''ਕੁਝ ਦੱਸੇਂਗੀ ਵੀ ਕਿ ਡੁਸਕੀ ਜਾਏਂਗੀ।''

ਪਤੀ ਦੇ ਗੁੱਸੇ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਕਰਮਵੀਰ ਨੇ ਆਪਣਾ ਵਤੀਰਾ ਬਦਲਿਆ ਅਤੇ ਦਿਲਾਸਾ ਦਿੰਦੇ ਕਿਹਾ, ''ਚੱਲ ਚੁੱਪ ਕਰ ਹੁਣ, ਦੱਸ ਕੀ ਹੋਇਆ।''

ਲੁਬਨਾਬਾਈ ਨੇ ਵੀ ਪਿਆਰ ਭਰੀ ਆਵਾਜ਼ ਵਿੱਚ ਕਿਹਾ, ''ਬੀਬੀ ਜੀ ਹੌਸਲਾ ਕਰੋ। ਕੁਝ ਦੱਸੋਗੇ ਤਾਂ ਈ ਕਿਸੇ ਗੱਲ ਦਾ ਹੱਲ ਨਿਕਲੂ।''

ਡੁਸਕਦੀ ਸਰਲਾ ਨੇ ਪਤੀ ਦੀ ਕੁਝ ਉਭਰਦੀ ਹਮਦਰਦੀ ਦਾ ਸਹਾਰਾ ਲਿਆ ਅਤੇ ਦੱਸਿਆ ਕਿ ਕੁਝ ਪੈਸੇ ਉਸ ਦੇ ਹੱਥ 'ਚ ਸਨ ਅਤੇ ਬਾਕੀ ਦੇ ਪਰਸ 'ਚ। ਪਰਸ ਜਿਸ 'ਚ ਦੋ ਹਜ਼ਾਰ ਰੁਪਏ ਤੇ ਨਜ਼ਰ ਵਾਲੀ ਐਨਕ ਵੀ ਸੀ, ਇੱਕ ਸਬਜ਼ੀ ਵਾਲੀ ਰੇਹੜੀ 'ਤੇ ਰੱਖ ਕੇ ਚੁੱਕਣੀ ਭੁੱਲ ਗਈ। ਥੋੜ੍ਹੀ ਦੂਰ ਜਾ ਕੇ ਚੇਤਾ ਆਇਆ, ਪਿੱਛੇ ਮੁੜੀ, ਰੇਹੜੀ ਵਾਲੇ ਨੂੰ ਪੁੱਛਿਆ, ਉਹ ਤਾਂ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ, ਕਹਿੰਦਾ, ''ਭਾਵੇਂ ਤਲਾਸ਼ੀ ਲੈ ਲਓ। ਮੇਰੇ ਬੱਚਿਆਂ ਦੀ ਬਿਮਾਰੀ 'ਤੇ ਲੱਗਣ ਜੇ ਮੈਂ ਤੁਹਾਡਾ ਪਰਸ ਦੇਖਿਆ ਵੀ ਹੋਵੇ।''

ਕਰਮਵੀਰ ਨੇ ਸਮਝਾਉਣ ਦੇ ਲਹਿਜ਼ੇ ਵਿੱਚ ਕਿਹਾ, ''ਜਦੋਂ ਬੰਦਾ ਸੱਤਰਿਆ-ਬਹੱਤਰਿਆ ਜਾਏ ਤਾਂ ਉਹਨੂੰ ਭੁੱਲਣ ਦੀ ਬਿਮਾਰੀ ਹੋ ਜਾਂਦੀ ਐ। ਮੈਂ ਆਪ ਫਰਿੱਜ ਕੋਲ ਜਾ ਕੇ ਸੋਚਦਾ ਲੈਣ ਕੀ ਆਇਆ ਸੀ। ਸ਼ੇਵ ਕਰਨ ਲੱਗਿਆਂ ਕਈ ਵਾਰ ਮੂੰਹ 'ਤੇ ਟੂਥਪੇਸਟ ਲਾ ਲੈਣਾ। ਘਰ 'ਚ ਦੇਖੋ, ਸ਼ਾਇਦ ਤੂੰ ਪਰਸ ਲੈ ਕੇ ਈ ਨਾ ਗਈ ਹੋਵੇਂ।''

ਤਿੰਨਾਂ ਨੇ ਘਰ ਦੀ ਤਲਾਸ਼ੀ ਸ਼ੁਰੂ ਕੀਤੀ। ਕਰਮਵੀਰ ਸਰਲਾ ਅਤੇ ਲੁਬਨਾਬਾਈ। ਅਲਮਾਰੀਆਂ ਫੋਲੀਆਂ ਗਈਆਂ, ਬਿਸਤਰੇ ਝਾੜੇ ਗਏ, ਪਲੰਘਾਂ ਥੱਲੇ ਲੰਬੀ ਸੋਟੀ ਘੁਮਾਈ ਗਈ, ਮੇਜ਼ਾਂ 'ਤੇ ਅਤੇ ਉਨ੍ਹਾਂ ਦੀਆਂ ਦਰਾਜਾਂ ਵਿੱਚ ਪਈਆਂ ਚੀਜ਼ਾਂ ਨੂੰ ਉਲਟ ਪੁਲਟ ਕੇ ਦੇਖਿਆ ਗਿਆ, ਪਰ ਇਹ ਕਿਹੜਾ ਕੋਈ ਸੂਈ ਸੀ ਜਿਹੜੀ ਦਿਸਦੀ ਨਾ। ਲੁਬਨਾ 'ਤੇ ਵੀ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ। ਦਸ ਸਾਲ ਥੋੜ੍ਹੇ ਨਹੀਂ ਹੁੰਦੇ ਕਿਸੇ ਦੀ ਇਮਾਨਦਾਰੀ ਦਾ ਇਮਤਿਹਾਨ ਲੈਣ ਲਈ, ਪਰਖਣ ਲਈ। ਨਾ ਕਦੀ ਚੋਰੀ ਕੀਤੀ, ਨਾ ਬਿਮਾਰੀ-ਸ਼ਿਮਾਰੀ ਤੋਂ ਬਿਨਾਂ ਨਾਗਾ। ਨੀਤ ਦੀ ਰੱਜੀ ਹੋਈ।

ਜਿਸ ਦਿਨ ਨਾ ਆਉਣਾ, ਸਰਲਾ ਨੂੰ ਉਹ ਦਿਨ ਬਿਹਾ-ਬਿਹਾ ਲੱਗਦਾ। ਕਿਸ ਅੱਗੇ ਢਿੱਡ ਫਰੋਲੇ ਤੇ ਲੁਬਨਾ ਕਿਸ ਨੂੰ ਆਪਣੀ ਗਰੀਬੀ ਤੇ ਨਸ਼ੇੜੀ ਖਸਮ ਦੀਆਂ ਘਟੀਆਂ ਕਰਤੂਤਾਂ ਸੁਣਾਵੇ। ਦੋਵਾਂ 'ਚ ਮਾ-ਧੀਆਂ ਵਰਗਾ ਰਿਸ਼ਤਾ। ਸਰਲਾ ਅਤੇ ਕਰਮਵੀਰ ਦੋਵਾਂ ਨੂੰ ਲੁਬਨਾ ਦੇ ਮੁਸਲਮਾਨ ਹੋਣ 'ਤੇ ਵੀ ਇਤਰਾਜ਼ ਨਹੀਂ ਸੀ। ਕੋਈ ਭੇਦ ਭਾਵ ਨਹੀਂ। ਖੁੱਲ੍ਹੀ ਛੁੱਟੀ, ਜਿਸ ਕਾਸੇ ਨੂੰ ਦਿਲ ਕਰੇ ਬਣਾ ਕੇ ਖਾ ਲਏ, ਨਾਲ ਉਨ੍ਹਾਂ ਦੋਵਾਂ ਨੂੰ ਖਵਾ ਦੇਵੇ। ਲੁਬਨਾ ਨੂੰ ਕਦੀ ਕਦਾਈਂ ਪੈਸੇ ਦੀ ਲੋੜ ਹੁੰਦੀ ਤਾਂ ਸਰਲਾ ਆਪਣੀ ਪਤੀ ਨੂੰ ਦੱਸੇ ਬਿਨਾਂ ਉਹਦੀ ਮਦਦ ਕਰਦੀ। ਤਨਖਾਹ ਤੋਂ ਇਲਾਵਾ ਹਰ ਮਹੀਨੇ ਲੁਬਨਾ ਦੀ ਕਾਪੀ ਵਿੱਚ ਕੁਝ ਰੁਪਏ ਡਾਕਖਾਨੇ 'ਚ ਜਮ੍ਹਾ ਕਰਾਉਣ ਲਈ ਕਰਮਵੀਰ ਨੂੰ ਕਹਿ ਦਿੰਦੀ ਕਿ ਰੱਬ ਦੇ ਨਾਂਅ ਦੇ ਨੇ। ਪੁੰਨ-ਦਾਨ ਸਮਝੋ।

ਪਰਸ ਦਾ ਗਵਾਚ ਜਾਣਾ ਅਤੇ ਸਰਲਾ ਦਾ ਉਸ ਦੇ ਬਾਰੇ ਹਰ ਵੇਲੇ, ਹਰ ਦਿਨ ਕੀਰਨੇ ਪਾਈ ਜਾਣਾ ਕਰਮਵੀਰ ਦੇ ਸੁਭਾਅ ਨੂੰ ਚਿੜਚਿੜਾ ਕਰਨ 'ਚ ਕਾਫੀ ਕਾਰਗਰ ਸਾਬਤ ਹੋ ਰਿਹਾ ਸੀ। ਦੋਵਾਂ 'ਚ ਇਸ ਮੁੱਦੇ ਬਾਰੇ ਅਕਸਰ ਖਿੱਚੋਤਾਣ, ਲੜਾਈ-ਝਗੜਾ। ਪਤੀ ਨੇ ਕਈ ਵਾਰ ਸਬਰ ਕਰਨ ਲਈ ਕਿਹਾ, ਪਰ ਉਸ ਸਰਲਾ ਨੂੰ ਕੋਈ ਕਿਵੇਂ ਸਮਝਾਵੇ, ਜਿਸ ਨੇ ਬਚਪਨ 'ਚ ਇੱਕ ਛਟਾਂਕੀ ਦੀ ਵੱਟੀ ਗੁਆਚਣ 'ਤੇ ਘਰ ਦੇ ਸਾਰੇ ਮੈਂਬਰਾਂ ਨੂੰ ਰੋ ਰੋ ਕੇ ਫਾਹੇ ਲਾ ਦਿੱਤਾ ਸੀ। ਠੰਢ ਉਦੋਂ ਪਈ ਜਦੋਂ ਉਹ ਵੱਟੀ ਮੰਜੇ ਦੇ ਇੱਕ ਪਾਵੇ ਥੱਲੇ ਦਿੱਤੀ ਲੱਭ ਪਈ। ਮੰਜੇ ਨੂੰ ਕਾਣ ਪੈ ਜਾਣ ਕਾਰਨ ਉਸ ਦਾ ਸੰਤੁਲਨ ਵਿਗੜ ਗਿਆ ਅਤੇ ਸਰਲਾ ਦੇ ਪਿਓ ਨੇ ਛੋਟੇ ਹੋਏ ਪਾਵੇ ਥੱਲੇ ਉਹ ਵੱਟੀ ਦੇ ਦਿੱਤੀ ਸੀ। ਅੱਜ ਵੀ ਜੇ ਕਰਮਵੀਰ ਪੁੱਛੇ ਕਿ ਉਸ ਦਾ ਕਾਲਾ ਸਵੈਟਰ ਕਿੱਥੇ ਪਿਆ ਹੈ ਤਾਂ ਸਰਲਾ ਝੱਟ ਦੱਸ ਦੇਵੇਗੀ, ''ਅਲਮਾਰੀ ਦੇ ਦੂਜੇ ਖਾਨੇ ਦੀ ਸੱਜੀ ਢੇਰੀ 'ਚ ਤੀਜੇ ਨੰਬਰ 'ਤੇ ਪਿਆ ਐ।''

ਪਰਸ ਗੁਆਚਣ ਦਾ ਸਰਲਾ ਨੂੰ ਇੰਨਾ ਦੁੱਖ ਲੱਗਿਆ ਕਿ ਉਹ ਕਮਲਿਆਂ ਵਾਂਗ ਲੁਬਨਾ ਅਤੇ ਆਂਢ ਗੁਆਂਢ ਦੀ ਹਰ ਜਨਾਨੀ ਨਾਲ ਇੱਕੋ ਹੀ ਰਮਾਇਣ ਛੋਹੀ ਰੱਖਦੀ। ਲੱਗਦਾ ਸੀ ਜਿਵੇਂ ਉਸ ਦਾ ਦਿਮਾਗੀ ਸੰਤੁਲਨ ਵਿਗੜ ਗਿਆ ਹੋਵੇ। ਉਸ ਨੂੰ ਗਲੀ ਵਿੱਚ ਆਉਂਦੀ ਵੇਖ ਕੋ ਸੱਜੇ ਹੋ ਜਾਂਦੀ, ਕੋਈ ਖੱਬੇ। ਕਈ ਮੁਸਕੜੀਆਂ ਵਿੱਚ ਹੱਸਦੀਆਂ, ਕਈ ਮੂੰਹ ਵਿੱਚ ਚੁੰਨੀ ਲੈ ਕੇ, ਕਈ ਖੋਲ੍ਹ ਕੇ ਸਾਫ ਕਹਿ ਦਿੰਦੀਆਂ, ''ਛੱਡੋ ਵੀ ਭੈਣ ਜੀ ਪਰਸ ਦਾ ਸਿਆਪਾ। ਸਮਝ ਲਓ ਦਿੱਲੀ ਦੇ ਸਟੇਸ਼ਨ 'ਤੇ ਜੇਬ ਕੱਟੀ ਗਈ।''

ਸਰਲਾ ਤਿਲਮਿਲਾ ਉਠਦੀ, ''ਭੈਣੇ ਕਿਵੇਂ ਭੁੱਲ ਜਾਵਾਂ? ਮੈਂ ਤੇ ਨਾਲੇ ਪਾਉਣੀ ਨੂੰ ਪਿਛਲੇ ਪੰਜਾਹ ਸਾਲਾਂ ਤੋਂ ਉਸੇ ਕਿੱਲੀ ਉਤੇ ਟੰਗਣਾ ਨਈਂ ਭੁੱਲੀ, ਪਤਾ ਨੂਈ ਰੇਹੜੀ ਉੱਤੇ ਪਰਸ ਕਿਵੇਂ ਭੁੱਲ ਗਈ। ਵਿੱਚ ਦੋ ਹਜ਼ਾਰ ਰੁਪਏ ਅਤੇ ਮੇਰੀ ਨਜ਼ਰ ਦੀ ਐਨਕ। ਹਾਂ ਸੱਚ ਰੁਮਾਲ ਵੀ ਸੀ ਪਰਸ ਵਿੱਚ। ਫਿੱਟ ਲਾਹਨਤ ਮੇਰੇ। ਸਭ ਪੁੱਛਦੇ ਐਨੇ ਪੈਸੇ ਮੰਡੀ ਵਿੱਚ ਲੈ ਕੇ ਜਾਣ ਦੀ ਲੋੜ ਕੀ ਸੀ। ਮੱਤ ਮਾਰੀ ਗਈ ਨਾ।'' ਸਰਲਾ ਦਾ ਇੱਕੋ ਜਵਾਬ।

ਗਲੀ ਦੇ ਛੋਟੇ ਮੁੰਡੇ-ਕੁੜੀਆਂ ਨੂੰ ਵੀ ਮਜ਼ਾਕ ਦਾ ਸ਼ੋਸ਼ਾ ਲੱਭ ਪਿਆ। ਜਦੋਂ ਵੀ ਸਰਲਾ ਨੂੰ ਗਲੀ ਵਿੱਚ ਲੰਘਦੇ ਟੱਪਦੇ ਜਾਂ ਘਰ ਦੇ ਬੂਹੇ ਅੱਗੇ ਖੜ੍ਹਾ ਵੇਖਦੇ ਇੱਕੋ ਮੁਹਾਰਨੀ ਪੜ੍ਹਦੇ-''ਤਾਈ, ਪਰਸ ਦਾ ਪਤਾ ਲੱਗਿਆ?''

''ਭੂਆ, ਰੇਹੜੀ ਵਾਲਾ ਪਰਸ ਵਾਪਸ ਦੇ ਗਿਆ?''

''ਆਂਟੀ, ਪਰਸ ਮਿਲ ਗਿਆ?''

''ਦਾਦੀ, ਪਰਸ ਵਿੱਚ ਕੀ-ਕੀ ਸੀ?''

ਸਰਲਾ ਉਹੀ ਪਹਾੜਾ ਪੜ੍ਹਨਾ ਸ਼ੁਰੂ ਕਰ ਦਿੰਦੀ।

ਉਸ ਨੂੰ ਇਕੱਲਿਆਂ ਬੋਲਦੇ ਛੱਡ ਸ਼ਰਾਰਤੀ ਨਿਆਣੇ ਥੋੜ੍ਹਾ ਅੱਗੇ ਜਾ ਕੇ ਖਿੜ-ਖਿੜ ਹੱਸਦੇ। ਕਮਲੀ-ਰਮਲੀ ਸਰਲਾ ਤੁਰੀ ਫਿਰਦੀ ਬੁੜਬੁੜਾਉਂਦੀ, ''ਕਿੱਥੋਂ ਮਿਲਣੈ। ਮਿਲਣਾ ਹੁੰਦਾ ਤਾਂ ਗੁਆਚਦਾ ਕਾਹਨੂੰ।'' ਉਸ ਨੂੰ ਇਹ ਅਹਿਸਾਸ ਹੀ ਨਹੀਂ ਸੀ ਕਿ ਉਹ ਮਜ਼ਾਕ ਦਾ ਪਾਤਰ ਬਣੀ ਹੋਈ ਹੈ। ਨਿਰੀ ਬਰਫ ਦੀ ਸਿਲ।

ਜਦ ਰਿਸ਼ਤੇਦਾਰੀ ਵਿੱਚ ਸਰਲਾ ਦੀ ਤਬੀਅਤ ਬਾਰੇ ਪਤਾ ਲੱਗਾ ਤਾਂ ਉਹ ਹਾਲ ਜਾਨਣ ਆਣ-ਜਾਣ ਲੱਗੇ ਤਾਂ ਘਰ ਦਾ ਖਰਚ ਤੇ ਖੇਚਲ ਦੋਵੇਂ ਵੱਧ ਗਏ। ਜਿਹੜਾ ਆਵੇ, ਪੁੱਛੇ ਕੀ ਅਤੇ ਕਿਵੇਂ ਹੋਇਆ। ਸਰਲਾ ਦੀ ਤਫਸੀਲ ਹੋਰ ਲੰਬੀ ਹੋਣ ਲੱਗੀ ਅਤੇ ਜ਼ਖਮ ਪਹਿਲਾਂ ਨਾਲੋਂ ਵਧਦੇ ਰਹੇ। ਸਰਲਾ ਦੀ ਇਹ ਹਾਲਤ ਵੇਖ ਕੇ ਲੁਬਨਾ ਨੂੰ ਸਮਝ ਨਾ ਆਵੇ ਕਿ ਉਹ ਉਸ ਪਾਸੋਂ ਆਪਣੀ ਧੀ ਦੇ ਜੰਮੇ ਮੁੰਡੇ ਲਈ ਕੱਪੜੇ ਖਰੀਦਣ ਅਤੇ ਸ਼ਗਨ ਵਗੈਰਾ ਦੇਣ ਲਈ ਚਾਰ ਹਜ਼ਾਰ ਕਿਵੇਂ ਮੰਗੇ। ਉਹ ਤਾਂ ਆਪਣਾ ਰੋਣਾ ਹੀ ਪਿਛਲੇ ਮਹੀਨੇ ਤੋਂ ਰੋਈ ਜਾ ਰਹੀ ਸੀ। ਹਿੰਮਤ ਕਰ ਕੇ ਉਸ ਨੇ ਕਰਮਵੀਰ ਨੂੰ ਕਿਹਾ, ''ਸਾਹਿਬ ਜੀ, ਮੇਰੀ ਡਾਕਖਾਨੇ ਵਾਲੀ ਕਾਪੀ ਵਿੱਚੋਂ ਚਾਰ ਹਜ਼ਾਰ ਰੁਪਏ ਕਢਵਾ ਕੇ ਦੇ ਕੇ ਸਕਦੇ ਓ? ਲੋੜ ਐ।''

''ਕਿਉਂ ਨਹੀਂ, ਤੇਰੇ ਪੈਸੇ ਨੇ। ਜਾ ਕੇ ਫਾਰਮ ਲੈ ਆਈਂ, ਅੰਗੂਠਾ ਲਾ ਦਈਂ। ਪੈਸੇ ਮਿਲ ਜਾਣਗੇ।''


ਕਰਮਵੀਰ ਨੇ ਪੈਸੇ ਲਿਆ ਕੇ ਲੁਬਨਾ ਦੇ ਹੱਥ ਫੜਾ ਦਿੱਤੇ। ਦਸਾਂ ਕੁ ਦਿਨਾਂ ਬਾਅਦ ਲੁਬਨਾ ਬੀਬੀ ਹੱਥ ਵਿੱਚ ਝਾੜੂ ਫੜੀ ਕਮਰੇ ਵਿੱਚੋਂ ਭੱਜਦੀ ਬਾਹਰ ਆਈ। ''ਬੀਬੀ ਜੀ, ਬੀਬੀ ਜੀ, ਦੋ ਹਜ਼ਾਰ ਰੁਪਏ ਮਿਲ ਗਏ। ਗੱਦੇ ਦੇ ਥੱਲੇ ਪਏ ਸੀ। ਚਾਦਰ ਝਾੜ ਕੇ ਵਿਛਾਉਣ ਲੱਗਿਆਂ ਨੁੱਕਰ ਵਿੱਚ ਰੜਕੇ। ਦੇਖਿਆ ਤਾਂ ਰੁਪਏ।''

ਸਰਲਾ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਆ ਗਏ ਜਦ ਉਸ ਰੁਪਏ ਹੱਥ ਵਿੱਚ ਫੜੇ। ''ਮੈਂ ਐਵੇਂ ਭੌਂਕਦੀ ਫਿਰਦੀ ਰਹੀ। ਗੱਦੇ ਥੱਲੇ ਉਸ ਦਿਨ ਹੀ ਚੱਜ ਨਾਲ ਦੇਖ ਮਰ ਲੈਂਦੀ। ਗੁਆਂਢਣਾ ਨੂੰ ਦੱਸ ਕੇ ਆਉਂਦੀ ਆਂ, ਖੁਸ਼ ਹੋ ਜਾਣਗੀਆਂ।'' ਕਹਿ ਕੇ ਤਕਰੀਬਨ ਭੱਜਦੀ ਹੋਈ ਬਾਹਰ ਨਿਕਲ ਗਈ। ਕਰਮਵੀਰ ਨੂੰ ਯਕੀਨ ਸੀ ਕਿ ਗੱਦੇ ਥੱਲੇ ਇੱਕ ਨੇ ਨਹੀਂ ਬਲਕਿ ਤਿੰਨਾਂ ਨੇ ਕਈ ਵਾਰ ਦੇਖਿਆ ਸੀ। ਉਸ ਨੇ ਲੁਬਨਾ ਦੀਆਂ ਅੱਖਾਂ ਵਿੱਚ ਝਾਕਦੇ ਹੋਏ ਕਿਹਾ, ''ਪੱਕਾ ਗੱਦੇ ਥੱਲੇ ਪਏ ਸੀ?''

''ਜੀ ਸਾਹਿਬ, ਮੈਂ ਕਿਉਂ ਝੂਠ ਬੋਲਾਂਗੀ।'' ਲੁਬਨਾ ਨੇ ਜ਼ਮੀਨ ਵੱਲ ਝਾਕਦਿਆਂ ਕਿਹਾ।

ਪੰਝੱਤਰ ਵਰ੍ਹਿਆਂ ਦੀ ਉਮਰ ਵਾਲਾ ਰਿਟਾਇਰਡ ਪੁਲਸ ਇੰਸਪੈਕਟਰ ਕਰਮਵੀਰ ਕੋਈ ਬੇਵਕੂਫ ਨਹੀਂ ਸੀ। ਲੁਬਨਾ ਦਾ ਕਹਿਣਾ, ''ਮੈਂ ਕਿਉਂ ਝੂਠ ਬੋਲਾਂਗੀ'' ਸੱਚ ਵੱਲ ਇਸ਼ਾਰਾ ਕਰ ਰਿਹਾ ਸੀ। ਕਹਿਣ ਲੱਗਾ, ''ਲੁਬਨਾ, ਮੈਂ ਕੱਲ੍ਹ ਤੇਰੀ ਕਾਪੀ ਵਿੱਚ ਦੋ ਹਜ਼ਾਰ ਰੁਪਏ ਜਮ੍ਹਾ ਕਰਵਾ ਦੇਵਾਂਗਾ। ਕਿਸੇ ਖਰਚੇ ਉਤੇ ਤੂੰ ਕੈਂਚੀ ਚਲਾਈ ਹੋਏਗੀ। ਇਹ ਭੇਤ ਤੇਰੇ ਮੇਰੇ ਦਰਮਿਆਨ ਰਹੇਗਾ।''

ਲੁਬਨਾ ਨੇ ਸਿਰ ਉੱਤੇ ਚੁੱਕਿਆ ਤਾਂ ਉਹਦੇ ਬੁੱਲ੍ਹਾਂ ਉੱਤੇ ਮੁਸਕਾਨ ਸੀ।





# ਮਸਤੂਆਣਾ ਸਾਹਿਬ ਬਾਰੇ ਬਿਆਨਬਾਜ਼ੀ ਦਾ ਅਕਾਲ ਕਾਲਜ ਕੌਂਸਲ ਨੇ ਨੋਟਿਸ ਲਿਆ

ਸੰਗਰੂਰ, 28 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਉਨ੍ਹਾਂ ਦੇ ਸਮਰਥਕ ਪ੍ਰਸ਼ੋਤਮ ਸਿੰਘ ਫੱਗੂਵਾਲ ਵੱਲੋਂ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਦੀ ਵਰੋਸਾਈ ਸੰਸਥਾ ਅਕਾਲ ਕਾਲਜ ਕੌਂਸਲ ਵਿਰੁੱਧ ਕੀਤੀ ਬਿਆਨਬਾਜ਼ੀ ਦਾ ਅਕਾਲ ਕਾਲਜ ਕੌਂਸਲ ਗੰਭੀਰ ਨੋਟਿਸ ਲਿਆ ਹੈ। ਅਕਾਲ ਕਾਲਜ ਕੌਂਸਲ ਦੀ ਜਨਰਲ ਬਾਡੀ ਮੀਟਿੰਗ ਵਿਚ ਸਰਬ ਸੰਮਤੀ ਨਾਲ ਇਸ ਪ੍ਰਚਾਰ ਦੀ ਨਿਖੇਧੀ ਕੀਤੀ ਕਰ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਬਾਰੇ ਬੋਲਣ ਤੋਂ ਪਹਿਲਾਂ ਪੀੜ੍ਹੀ ਹੇਠ ਸੋਟਾ ਫੇਰਨ ਨੂੰ ਕਿਹਾ ਗਿਆ ਹੈ।



ਕੌਂਸਲ ਦੀ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੇ ਕਿਹਾ ਕਿ ਮਸਤੂਆਣਾ ਸਾਹਿਬ ਦਾ ਪ੍ਰਬੰਧ ਪਾਰਦਰਸ਼ੀ ਚੱਲਦਾ ਹੈ ਅਤੇ ਕੌਂਸਲ ਮੀਟਿੰਗਾਂ ਵਿਚ ਪੈਸੇ-ਪੈਸੇ ਦਾ ਹਿਸਾਬ ਹੁੰਦਾ ਅਤੇ ਸਾਰੇ ਅਦਾਰਿਆਂ ਦੇ ਬਜਟ ਬਣ ਕੇ ਪਾਸ ਹੁੰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲ ਦੀਆਂ ਆਡਿਟ ਰਿਪੋਰਟਾਂ ਕੌਂਸਲ ਦਫ਼ਤਰ ਵਿਚ ਹਨ ਤੇ ਸਾਰਾ ਖਰਚਾ ਬੈਂਕਾਂ ਰਾਹੀਂ ਹੁੰਦਾ ਹੈ। ਅਕਾਲ ਕਾਲਜ ਕੌਂਸਲ ਨੇ ਐਲਾਨ ਕੀਤਾ ਹੈ ਕਿ ਸਮਾਂ ਲੈ ਕੇ ਕੋਈ ਵੀ ਵਿਅਕਤੀ ਹਿਸਾਬ ਚੈੱਕ ਕਰ ਸਕਦਾ ਹੈ। ਕੌਂਸਲ ਮੈਂਬਰਾਂ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਅਕਾਲ ਕਾਲਜ ਕੌਂਸਲ ਦੇ ਪ੍ਰਧਾਨ ਵਜੋਂ ਕੰਮ ਦੀ ਨਿਗਰਾਨੀ ਕਰਦੇ ਹਨ, ਪਰ ਕੰਮਾਂ ਵਿਚ ਦਖਲ ਨਹੀਂ ਦੇਂਦੇ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਗੋਲਕ ਗਿਣਨ ਲਈ ਇਕ ਕਮੇਟੀ ਬਣੀ ਹੋਈ ਹੈ, ਜੋ ਆਪਣੀ ਨਿਗਰਾਨੀ ਹੇਠ ਬੈਂਕਾਂ ਵਿੱਚ ਜਮ੍ਹਾ ਕਰਾਉਂਦੀ ਹੈ ਤੇ ਖਰਚਾ ਚੈੱਕਾਂ ਰਾਹੀਂ ਹੁੰਦਾ ਹੈ।

ਇਸ ਮੀਟਿੰਗ ਨੇ ਮਹਿਸੂਸ ਕੀਤਾ ਕਿ ਸੁਖਦੇਵ ਸਿੰਘ ਢੀਂਡਸਾ ਦੇ ਪ੍ਰਧਾਨ ਬਣਨ ਤੋਂ ਬਾਅਦ ਮਸਤੂਆਣਾ ਸਾਹਿਬ ਦੀ ਬੇਮਿਸਾਲ ਤਰੱਕੀ ਹੋਈ ਹੈ। ਸੰਤ ਅਤਰ ਸਿੰਘ ਦੇ 1927 ਵਿਚ ਚਲਾਣੇ ਤੋਂ ਬਾਅਦ 70 ਸਾਲ ਦੇ ਕਰੀਬ ਇੱਥੇ ਕੰਮ ਵਿਚ ਖੜੋਤ ਆਈ ਰਹੀ ਸੀ। ਸੰਤ ਜੀ ਦੇ ਬਣਾਏ ਅਦਾਰਿਆਂ ਅਤੇ ਇਮਾਰਤਾਂ ਤੋਂ ਬਿਨਾਂ ਕੋਈ ਨਵਾਂ ਅਦਾਰਾ ਨਹੀਂ ਬਣ ਸਕਿਆ ਅਤੇ ਇਕ ਕਮਰਾ ਵੀ ਨਵਾਂ ਨਹੀਂ ਬਣਿਆ। ਅੱਜ ਜੋ ਮਸਤੂਆਣਾ ਸਾਹਿਬ ਵਿਚ ਬਣਿਆ ਦਿਸਦਾ ਹੈ, ਉਹ ਸਾਰਾ ਸੁਖਦੇਵ ਸਿੰਘ ਢੀਂਡਸਾ ਦੀ ਰਹਿਨੁਮਾਈ ਹੇਠ ਬਣਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਨਕਲ ਵਾਂਗ ਗੁਰਦੁਆਰਾ ਬਣਾਉਣ ਬਾਰੇ ਕੌਂਸਲ ਨੇ ਕਿਹਾ ਹੈ ਕਿ ਦੁਨੀਆ ਦੀ ਕੋਈ ਤਾਕਤ ਹਰਿਮੰਦਰ ਸਾਹਿਬ ਦੀ ਨਕਲ ਨਹੀਂ ਕਰ ਸਕਦੀ। ਇਸ ਬਾਰੇ ਅਕਾਲ ਤਖਤ ਸਾਹਿਬ ਨੇ ਜੋ ਹੁਕਮ ਕੀਤਾ, ਉਹ ਸ਼੍ਰੋਮਣੀ ਕਮੇਟੀ ਨੂੰ ਕੀਤਾ ਸੀ ਤੇ ਜੋ ਕੰਮ ਕਰਾਉਣਾ ਹੈ, ਉਹ ਸ਼੍ਰੋਮਣੀ ਨੇ ਕਰਾਉਣਾ ਹੈ। ਅਕਾਲ ਤਖਤ ਦੇ ਹੁਕਮ ਮੁਤਾਬਕ ਜੋ ਤਬਦੀਲੀਆਂ ਕਰਨ ਯੋਗ ਸਨ, ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਕਰ ਦਿੱਤੀਆਂ ਹਨ। ਸ਼੍ਰੋਮਣੀ ਕਮੇਟੀ ਦੀ ਟੀਮ ਇਥੋਂ ਹੋ ਕੇ ਗਈ ਤੇ ਜੋ ਕਰਨ ਲਈ ਕਿਹਾ, ਉਹ ਕਰਵਾ ਦਿੱਤਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖੁਦ ਦੇਖ ਕੇ ਗਏ ਅਤੇ ਤਸੱਲੀ ਪ੍ਰਗਟ ਕਰਕੇ ਗਏ ਹਨ।

# ਪੰਜਾਬ ਵਿੱਚ ਚੇਅਰਮੈਨੀ ਨਿਯੁਕਤੀਆਂ ਉੱਤੇ ਕਾਨੂੰਨ ਦੀ ਤਲਵਾਰ ਲਟਕੀ

ਚੰਡੀਗੜ੍ਹ, 28 ਜਨਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਵਲੋਂ ਪਿੱਛੇ ਜਿਹੇ ਜ਼ਿਲ੍ਹਾ ਯੋਜਨਾ ਕਮੇਟੀਆਂ ਅਤੇ ਬੋਰਡਾਂ ਦੇ ਚੇਅਰਮੈਨਾਂ ਦੀਆਂ ਨਿਯੁਕਤੀਆਂ ਕਾਨੂੰਨੀ ਚੱਕਰ ਵਿੱਚ ਪੈ ਗਈਆਂ ਹਨ।





ਸਮਾਜੀ ਕਾਰਜ ਕਰਤਾ ਵਕੀਲ ਦਿਨੇਸ਼ ਚੱਢਾ ਵਲੋਂ ਦਾਇਰ ਕੀਤੀ ਅਰਜ਼ੀ ਉੱਤੇ ਸੁਣਵਾਈ ਵੇਲੇ ਹਾਈ ਕੋਰਟ ਦੇ ਦੋਹਰੇ ਬੈਂਚ ਨੇ ਇਸ ਕੇਸ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ਵਿੱਚ ਲਿਖਿਆ ਹੈ ਕਿ ਸੰਵਿਧਾਨ ਦੀ 74ਵੀਂ ਸੋਧ ਵਿੱਚ ਧਾਰਾ 243 ਜ਼ੈਡ-ਡੀ ਰਾਹੀਂ ਜ਼ਿਲ੍ਹਾ ਪਲਾਨਿੰਗ ਕਮੇਟੀਆਂ ਬਣਾਉਣ ਦੀ ਵਿਵਸਥਾ ਸੀ, ਜਿਨ੍ਹਾਂ ਦਾ ਕੰਮ ਪੰਚਾਇਤਾਂ ਅਤੇ ਨਗਰ ਕੌਂਸਲਾਂ ਤੋਂ ਵਿਕਾਸ ਬਾਰੇ ਯੋਜਨਾਵਾਂ ਲੈ ਕੇ ਪੂਰੇ ਜ਼ਿਲ੍ਹੇ ਦੇ ਵਿਕਾਸ ਯੋਜਨਾ ਤਿਆਰ ਕਰਨਾ ਸੀ। ਸੰਵਿਧਾਨ ਅਨੁਸਾਰ ਕਮੇਟੀ ਦੇ 4/5 ਮੈਂਬਰ, ਜਿਵੇਂ 15 ਵਿਚੋਂ 12 ਮੈਂਬਰ ਪੰਚਾਇਤਾਂ ਅਤੇ ਨਗਰ ਕੌਂਸਲਾਂ ਦੇ ਚੁਣੇ ਹੋਏ ਮੈਂਬਰਾਂ ਵਿਚੋਂ ਚੁਣਨੇ ਜ਼ਰੂਰੀ ਹਨ ਅਤੇ ਸਿਰਫ 1/5 ਮੈਂਬਰ, ਮਤਲਬ 15 ਵਿਚੋਂ 3 ਮੈਂਬਰ ਸਰਕਾਰ ਨੇ ਨਾਮੀਨੇਟ ਕਰਨੇ ਸਨ। ਕਮੇਟੀ ਦਾ ਚੇਅਰਮੈਨ ਚੁਣਨ ਦੀ ਪ੍ਰਕਿਰਿਆ ਤੈਅ ਕਰਨ ਦਾ ਕੰਮ ਰਾਜ ਸਰਕਾਰ ਨੂੰ ਦਿੱਤਾ ਗਿਆ ਸੀ, ਪਰ ਪੰਜਾਬ ਸਰਕਾਰ ਨੇ ਇਸ ਬਾਰੇ 2005 ਵਾਲੇ ਕਨੂੰਨ ਅਨੁਸਾਰ ਸੰਵਿਧਾਨ ਦੇ ਉਲਟ ਚੇਅਰਮੈਨ ਚੁਣਨ ਦੀ ਪ੍ਰਕਿਰਿਆਂ ਬਣਾਉਣ ਦੀ ਥਾਂ ਮੈਂਬਰਾਂ ਵਿਚੋਂ ਚੇਅਰਮੈਨ ਨਾਮੀਨੇਟ ਕਰਨ ਦਾ ਕਨੂੰਨ ਬਣਾ ਦਿਤਾ ਸੀ। ਚੱਢਾ ਨੇ ਦੱਸਿਆ ਕਿ ਨਿਯੁਕਤ ਕੀਤੇ ਚੇਅਰਮੈਨਾਂ ਲਈ ਸਰਕਾਰ ਨੇ ਅਪਣੇ 2005 ਵਾਲੇ ਕਨੂੰਨ ਦੀ ਵੀ ਪਾਲਣਾ ਨਹੀਂ ਕੀਤੀ, ਕਿਉਂਕਿ ਇਸ ਅਨੁਸਾਰ ਵੀ ਚੇਅਰਮੈਨ ਮੈਂਬਰਾਂ ਵਿਚੋਂ ਨੋਮੀਨੇਟ ਹੋਣਾ ਹੈ, ਜਦ ਕਿ ਸਰਕਾਰ ਨੇ ਬਿਨਾਂ ਮੈਂਬਰਾਂ ਦੀ ਚੋਣ ਕਰਵਾਏ ਸਿੱਧਾ ਚੇਅਰਮੈਨ ਨੋਮੀਨੇਟ ਕਰ ਦਿਤਾ ਹੈ। ਇਸ ਨਾਲ ਪੰਚਾਇਤੀ ਨੁਮਾਇੰਦਿਆਂ ਦਾ ਜ਼ਿਲ੍ਹਾ ਪਲਾਂਨਿੰਗ ਕਮੇਟੀ ਦੇ ਮੈਂਬਰ ਅਤੇ ਚੇਅਰਮੈਨ ਚੁਣਨ ਦਾ ਹੱਕ ਖੋਹ ਲਿਆ ਗਿਆ ਤੇ ਪੰਚਾਇਤੀ ਨੁਮਾਇੰਦਿਆਂ ਨੇ ਸੰਵਿਧਾਨ ਅਨੁਸਾਰ ਜੋ ਵਿਕਾਸ ਦੀਆਂ ਯੋਜਨਾਵਾਂ ਬਣਾ ਕੇ ਜ਼ਿਲ੍ਹਾ ਪਲਾਂਨਿੰਗ ਕਮੇਟੀ ਰਾਹੀਂ ਜੋ ਵਿਕਾਸ ਕਰਵਾਉਣੇ ਸਨ, ਉਹ ਹੱਕ ਵੀ ਖੋਹ ਲਿਆ ਹੈ।

# ਇਕੱਠੇ ਸ਼ਰਾਬ ਪੀਂਦਿਆਂ ਪੁੱਤ ਨੇ ਪਿਓ ਨੂੰ ਬੇਸਬੈਟ ਨਾਲ ਕੁੱਟ ਕੇ ਮਾਰ ਦਿੱਤਾ



ਬਠਿੰਡਾ, 28 ਜਨਵਰੀ (ਪੋਸਟ ਬਿਊਰੋ)- ਪਿੰਡ ਪੂਹਲੀ ਵਿੱਚ ਸ਼ਰਾਬ ਦੇ ਨਸ਼ੇ ਵਿੱਚ ਬੇਟੇ ਨੇ ਆਪਣੇ ਪਿਤਾ 'ਤੇ ਬੇਸਬੈਟ ਨਾਲ ਹਮਲਾ ਕਰ ਕੇ ਘਰੇਲੂ ਝਗੜੇ ਵਿੱਚ ਹੱਤਿਆ ਕਰ ਦਿੱਤੀ। ਥਾਣਾ ਨਥਾਣਾ ਪੁਲਸ ਨੇ ਮ੍ਰਿਤਕ ਦੀ ਮਾਂ ਦੇ ਬਿਆਨਾਂ 'ਤੇ ਦੋਸ਼ੀ ਬੇਟੇ ਦੇ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ ਹੈ।

ਇਸ ਸੰਬੰਧ ਵਿੱਚ ਥਾਣਾ ਨਥਾਣਾ ਦੇ ਇੰਚਾਰਜ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਪਿੰਡ ਪੂਹਲੀ ਦਾ ਗੁਰਤੇਜ ਸਿੰਘ (50) ਖੇਤੀ ਕਰਦਾ ਸੀ। 26 ਜਨਵਰੀ ਰਾਤ ਉਹ ਆਪਣੇ ਬੇਟੇ ਹਰਜਿੰਦਰ ਸਿੰਘ (28) ਨਾਲ ਬੈਠ ਕੇ ਸ਼ਰਾਬ ਪੀ ਰਿਹਾ ਸੀ। ਇਸ ਦੌਰਾਨ ਉਨ੍ਹਾਂ ਵਿੱਚ ਕਿਸੇ ਘਰੇਲੂ ਗੱਲ ਬਾਰੇ ਝਗੜਾ ਇੰਨਾ ਵਧ ਗਿਆ ਕਿ ਤੈਸ਼ ਵਿੱਚ ਆਏ ਬੇਟੇ ਨੇ ਨਸ਼ੇ ਦੀ ਹਾਲਤ ਵਿੱਚ ਘਰ ਵਿੱਚ ਪਈ ਬੇਸਬੈਟ ਚੁੱਕ ਕੇ ਆਪਣੇ ਪਿਤਾ 'ਤੇ ਹਮਲਾ ਕਰ ਦਿੱਤਾ। ਬੇਟੇ ਨੂੰ ਆਪਣੇ ਪਿਤਾ 'ਤੇ ਹਮਲਾ ਕਰਦਾ ਦੇਖ ਮਾਂ ਕੁਲਦੀਪ ਕੌਰ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਰੁਕਿਆ ਨਹੀਂ ਤੇ ਆਪਣੇ ਪਿਤਾ ਦੀ ਛਾਤੀ 'ਤੇ ਬੇਸਬੈਟ ਮਾਰਦਾ ਰਿਹਾ। ਇਸ ਦੇ ਬਾਅਦ ਉਹ ਭੱਜ ਗਿਆ। ਇੰਸਪੈਕਟਰ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਬੇਟੇ ਨੂੰ ਕੱਲ੍ਹ ਸ਼ਾਮ ਭੁੱਚੋ ਕੈਂਚੀਆਂ ਤੋਂ ਗ੍ਰਿਫਤਾਰ ਕਰ ਲਿਆ ਹੈ। ਉਸ ਦੀ ਨਿਸ਼ਾਨਦੇਹੀ 'ਤੇ ਹੱਤਿਆ ਵਿੱਚ ਵਰਤਿਆ ਬੇਸਬੈਟ ਵੀ ਪੁਲਸ ਨੇ ਬਰਾਮਦ ਕਰ ਲਿਆ ਹੈ। ਜਾਂਚ ਵਿੱਚ ਪਤਾ ਲੱਗਾ ਕਿ ਦੋਸ਼ੀ ਬੇਟਾ ਆਪਣੇ ਪਿਤਾ ਤੋਂ ਆਪਣੇ ਖਰਚ ਦੇ ਲਈ ਪੈਸੇ ਮੰਗਦਾ ਸੀ ਅਤੇ ਉਸ ਦਾ ਪਿਤਾ ਉਸ ਨੂੰ ਕੰਮ ਕਰਨ ਦੇ ਲਈ ਕਹਿੰਦਾ ਹੈ ਅਤੇ ਖਰਚ ਦੇ ਲਈ ਘੱਟ ਹੀ ਪੈਸੇ ਦਿੰਦਾ ਸੀ।

# ਫੌਜ ਦੀ ਨਕਲੀ ਆਈ ਡੀ ਨਾਲ ਐਂਬੂਲੈਂਸ ਸਮੇਤ ਕੈਂਟ ਵਿੱਚ ਜਾਂਦਾ ਫੜ੍ਹਿਆ ਗਿਆ

* 25 ਏ ਟੀ ਐੱਮ ਕਾਰਡ ਵੀ ਦੋਸ਼ੀ ਕੋਲੋਂ ਫੜੇ ਗਏ



ਜਲੰਧਰ ਛਾਉਣੀ, 28 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਦੇ ਇੱਕ ਚਲਾਕ ਨੌਜਵਾਨ ਨੂੰ ਜਲੰਧਰ ਕੈਂਟ ਦੇ ਬੈਰੀਅਰ ਉਤੇ ਤੈਨਾਤ ਫੌਜੀ ਜਵਾਨ ਨੇ ਨਕਲੀ ਆਈ ਡੀ ਦਿਖਾ ਕੇ ਲੰਘਣ ਵੇਲੇ ਫੜਿਆ ਤੇ ਥਾਣਾ ਜਲੰਧਰ ਕੈਂਟ ਦੀ ਪੁਲਸ ਦੇ ਹਵਾਲੇ ਕੀਤਾ ਹੈ। ਦੋਸ਼ੀ ਦੀ ਪਛਾਣ ਸੁਨੀਲ ਕੁਮਾਰ ਦੂਬੇ ਵਾਸੀ ਮਿਰਜ਼ਾਪੁਰ (ਉੱਤਰ ਪ੍ਰਦੇਸ਼) ਵਜੋਂ ਹੋਈ ਹੈ। ਉਸ ਕੋਲੋਂ ਲਗਭਗ 25 ਏ ਟੀ ਐੱਮ ਕਾਰਡ ਵੀ ਬਰਾਮਦ ਹੋਏ ਹਨ।

ਥਾਣਾ ਮੁਖੀ ਰਾਮਪਾਲ ਨੇ ਦੱਸਿਆ ਕਿ ਐਤਵਾਰ ਰਾਤ 12 ਵਜੇ ਸੁਨੀਲ ਕੁਮਾਰ ਦੂਬੇ ਨੇ ਕਰਨਾਲ ਤੋਂ ਐਂਬੂਲੈਂਸ ਕਿਰਾਏ 'ਤੇ ਲਈ, ਜਿਸ ਨੂੰ ਡਰਾਈਵਰ ਸੰਦੀਪ ਕੁਮਾਰ ਚਲਾ ਰਿਹਾ ਸੀ। ਦੂਬੇ ਪਹਿਲਾਂ ਅੰਬਾਲਾ ਕੈਂਟ ਗਿਆ। ਇਸ ਪਿੱਛੋਂ ਜਲੰਧਰ ਕੈਂਟ ਆਇਆ ਅਤੇ ਬੈਰੀਅਰ 'ਤੇ ਸਵੇਰੇ ਚਾਰ ਵਜੇ ਉਸ ਨੇ ਬੈਰੀਅਰ ਉੱਤੇ ਡਿਊਟੀ ਵਾਲੇ ਜਵਾਨ ਨੂੰ ਆਈ ਕਾਰਡ ਦਿਖਾਇਆ। ਡਿਊਟੀ ਵਾਲੇ ਜਵਾਨ ਨੂੰ ਸਾਹਮਣੇ ਖੜ੍ਹੇ ਸੁਨੀਲ ਕੁਮਾਰ ਦੂਬੇ ਅਤੇ ਆਈ ਡੀ ਕਾਰਡ ਉੱਤੇ ਲੱਗੀ ਹੋਈ ਫੋਟੋ ਵਿੱਚ ਫਰਕ ਨਜ਼ਰ ਆਇਆ। ਇਸ ਉੱਤੇ ਬੈਰੀਅਰ ਵਾਲੇ ਜਵਾਨ ਨੇ ਦੂਬੇ ਨੂੰ ਘੇਰ ਕੇ ਪੁਲਸ ਬੁਲਾਈ ਤੇ ਉਸ ਨੂੰ ਸੌਂਪ ਦਿੱਤਾ। ਪੁਲਸ ਨੇ ਜਾਂਚ ਅੱਗੇ ਵਧਾਈ ਤਾਂ ਪੁੱਛਗਿੱਛ ਵਿੱਚ ਦੂਬੇ ਨੇ ਮੰਨਿਆ ਕਿ ਉਕਤ ਆਈ ਕਾਰਡ ਉਸ ਨੇ 12 ਗ੍ਰਨੇਡ ਯੂਨਿਟ ਦੇ ਅਰਵਿੰਦ ਕੁਮਾਰ ਨਾਂਅ ਦੇ ਨੌਜਵਾਨ ਦਾ ਚੋਰੀ ਕੀਤਾ ਸੀ। ਦੋਸ਼ੀ ਦੂਬੇ ਤੋਂ ਉਕਤ ਜਵਾਨ ਦਾ ਚੋਰੀ ਕੀਤਾ ਆਈ ਕਾਰਡ, ਪੈਨ ਕਾਰਡ ਸਮੇਤ ਕੁੱਲ 25 ਏ ਟੀ ਐਮ ਕਾਰਡ, ਪੈਨ ਅਤੇ ਆਧਾਰ ਕਾਰਡ ਬਰਾਮਦ ਹੋਏ ਹਨ। ਥਾਣਾ ਮੁਖੀ ਰਾਮਪਾਲ ਨੇ ਦੱਸਿਆ ਕਿ ਦੋਸ਼ੀ ਨੂੰ ਐਤਵਾਰ ਨੂੰ ਸਾਰਾ ਦਿਨ ਮਿਲਟਰੀ ਪੁਲਸ ਨੇ ਆਪਣੇ ਕੋਲ ਰੱਖ ਕੇ ਜਾਂਚ ਕੀਤੀ। ਇਸ ਦੇ ਬਾਅਦ ਰਾਤ ਨੂੰ ਪੁਲਸ ਨੂੰ ਸੌਂਪ ਦਿੱਤਾ ਗਿਆ।

# ਕੜਾਕੇ ਦੀ ਠੰਢ ਵਿੱਚ ਨਵਜੰਮੇ ਬੱਚੇ ਨੂੰ ਸਟੇਸ਼ਨ ਉੱਤੇ ਛੱਡ ਕੇ ਮਾਂ ਭੱਜ ਗਈ

ਅੰਮ੍ਰਿਤਸਰ, 28 ਜਨਵਰੀ (ਪੋਸਟ ਬਿਊਰੋ)- ਬੀਤੀ 25 ਜਨਵਰੀ ਦੀ ਰਾਤ 9.30 ਵਜੇ ਕੜਾਕੇ ਦੀ ਠੰਢ ਵਿੱਚ ਇੱਕ ਮਾਂ ਆਪਣੇ ਨਵਜਾਤ ਬੱਚੇ (ਲੜਕੇ) ਨੂੰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਛੇ ਅਤੇ ਸੱਤ ਉਤੇ ਛੱਡ ਗਈ। ਜਦ ਜੀ ਆਰ ਪੀ ਦੀ ਪੈਟਰੋਲਿੰਗ ਟੁਕੜੀ ਨਿਕਲੀ ਤਾਂ ਬੱਚੇ ਦੀ ਰੋਣ ਦੀ ਆਵਾਜ਼ ਸੁਣ ਕੇ ਦੇਖਿਆ ਤਾਂ ਕੱਪੜੇ ਵਿੱਚ ਇੱਕ ਨਵਜਾਤ ਬੱਚਾ ਲਪੇਟਿਆ ਹੋਇਆ ਹੈ। ਜੀ ਆਰ ਪੀ ਨੇ ਇਸ ਦੀ ਸੂਚਨਾ ਰੇਲਵੇ ਲਾਈਨ ਨੂੰ ਦਿੱਤੀ ਤਾਂ ਉਹ ਉਥੇ ਪਹੁੰਚ ਗਏ। ਉਨ੍ਹਾਂ ਨੇ ਐਂਬੂਲੈਂਸ ਸੱਦ ਕੇ ਬੱਚੇ ਨੂੰ ਸਿਵਲ ਹਸਪਤਾਲ ਭੇਜਿਆ, ਜਿੱਥੇ ਡਾਕਟਰਾਂ ਨੇ ਬੱਚੇ ਨੂੰ ਮੁੱਢਲੇ ਇਲਾਜ ਪਿੱਛੋਂ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਦੇ ਬੇਬੇ ਨਾਨਕੀ ਮਦਰ ਐਂਡ ਚਾਈਲਡ ਕੇਅਰ ਸੈਂਟਰ ਵਿੱਚ ਭੇਜ ਦਿੱਤਾ।

ਚਾਈਲਡ ਲਾਈਨ ਦੇ ਮੈਂਬਰ ਪਵਨ ਮਸੀਹ ਅਤੇ ਰਾਹੁਲ ਨੇ ਦੱਸਿਆ ਕਿ ਬੱਚੇ ਨੂੰ ਦੇਖ ਕੇ ਅਜਿਹਾ ਲੱਗਦਾ ਸੀ ਕਿ ਉਸ ਦਾ ਜਨਮ ਕੁਝ ਮਿੰਟ ਪਹਿਲਾਂ ਹੀ ਹੋਇਆ ਹੈ। ਉਸ ਦਾ ਨਾੜੂ ਵੀ ਨਾਲ ਲਟਕਿਆ ਹੋਇਆ ਸੀ। ਸਿਵਲ ਹਸਪਤਾਲ ਵਿੱਚ ਡਾਕਟਰਾਂ ਨੇ ਇਸ ਦਾ ਇਲਾਜ ਕੀਤਾ। ਬੱਚਾ ਠੰਢਾ ਪਿਆ ਸੀ ਅਤੇ ਸ਼ਾਕ ਵਿੱਚ ਸੀ। ਗੁਰੂ ਨਾਨਕ ਦੇਵ ਹਸਪਤਾਲ ਬੇਬੇ ਨਾਨਕੀ ਮਦਰ ਐਂਡ ਚਾਈਲਡ ਕੇਅਰ ਸੈਂਟਰ ਵਿੱਚ ਬੱਚੇ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਦੱਸਿਆ ਕਿ 24 ਘੰਟੇ ਬੱਚੇ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਹ ਇੰਨਾ ਠੰਢਾ ਹੋ ਚੁੱਕਾ ਸੀ ਕਿ ਜਿਵੇਂ ਹੀ ਉਸ ਨੂੰ ਹਥ ਲਾਇਆ ਤਾਂ ਸਾਡੇ ਵੀ ਹੱਥ ਜੰਮ ਗਏ। ਹਸਪਤਾਲ ਦੇ ਬੁਲਾਰੇ ਡਾਕਟਰ ਰਾਕੇਸ਼ ਸ਼ਰਮਾ ਨੇ ਦੱਸਿਆ ਕਿ ਬੱਚੇ ਦੇ ਪੇਟ ਵਿੱਚ ਫਲੂਡ ਭਰਿਆ ਹੋਇਆ ਸੀ, ਉਸ ਨੂੰ ਵਾਰਮਰ ਵਿੱਚ ਰੱਖਿਆ ਗਿਆ ਹੈ ਤਾਂ ਕਿ ਉਸ ਦੇ ਸਰੀਰ ਵਿੱਚ ਗਰਮੀ ਆਏ ਤੇ ਉਸ ਦੀ ਬਲੱਡ ਸਪਲਾਈ ਨਾਰਮਲ ਹੋ ਸਕੇ। ਉਸ ਦਾ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ। ਅਜੇ ਬੱਚਾ ਖਤਰੇ 'ਚੋਂ ਬਾਹਰ ਨਹੀਂ ਹੈ।

# ਚਾਰ ਸਾਲਾ ਬੱਚੇ ਨੂੰ ਆਵਾਰਾ ਕੁੱਤਿਆਂ ਨੇ ਨੋਚ ਕੇ ਮਾਰਿਆ

ਖੰਨਾ, 28 ਜਨਵਰੀ (ਪੋਸਟ ਬਿਊਰੋ)- ਇਸ ਇਲਾਕੇ ਵਿੱਚ ਖੂੰਖਾਰ ਅਵਾਰਾ ਕੁੱਤਿਆਂ ਨੇ ਇੱਕ ਚਾਰ ਸਾਲਾ ਬੱਚੇ ਨੂੰ ਬੁਰੀ ਤਰ੍ਹਾਂ ਨਾਲ ਨੋਚ ਦਿੱਤਾ ਤਾਂ ਕਿਸੇ ਤਰ੍ਹਾਂ ਕੁੱਤਿਆਂ ਤੋਂ ਛੁਡਾ ਕੇ ਬੱਚੇ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ। ਉਥੇ ਬੱਚੇ ਦੀ ਹਾਲਤ ਬੇਹੱਦ ਨਾਜ਼ੁਕ ਦੇਖ ਕੇ ਡਾਕਟਰਾਂ ਨੇ ਉਸ ਨੂੰ ਪਟਿਆਲਾ ਰੈਫਰ ਕਰ ਦਿੱਤਾ, ਪਰ ਰਸਤੇ ਵਿੱਚ ਹੀ ਉਸ ਨੇ ਦਮ ਤੋੜ ਦਿੱਤਾ। ਇਹ ਹਾਦਸਾ ਖੰਨਾ ਦੇ ਨੇੜਲੇ ਪਿੰਡ ਬਾਹੋਮਾਜਰਾ ਦਾ ਹੈ। ਪਤਾ ਲੱਗਾ ਹੈ ਕਿ ਪਿੰਡ ਬਾਹੋਮਾਜਰਾ ਦਾ ਰਹਿਣ ਵਾਲਾ ਬੱਚਾ ਵਿਰਾਜ (4) ਪੁੱਤਰ ਪ੍ਰੇਮ ਚੰਦ 26 ਜਨਵਰੀ ਸ਼ਾਮ ਨੂੰ ਖੇਡਣ ਲਈ ਘਰੋਂ ਨਿਕਲਿਆ ਤਾਂ ਖੂੰਖਾਰ ਕੁੱਤਿਆਂ ਦੇ ਇੱਕ ਝੁੰਡ ਨੇ ਉਸ 'ਤੇ ਹਮਲਾ ਕਰ ਦਿੱਤਾ। ਬੱਚੇ ਦੀਆਂ ਚੀਕਾਂ ਸੁਣ ਕੇ ਉਸ ਦੀ ਮਾਂ ਅਤੇ ਭੈਣ ਘਰੋਂ ਨਿਕਲੀਆਂ। ਵਿਰਾਜ ਦੀ ਮਾਂ ਨੇ ਉਸ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੀ, ਪਰੰਤੂ ਤਦ ਤੱਕ ਕੁੱਤੇ ਵਿਰਾਜ ਦੇ ਸਿਰ ਅਤੇ ਮੂੰਹ ਨੂੰ ਬੁਰੀ ਤਰ੍ਹਾਂ ਨਾਲ ਨੋਚ ਚੁੱਕੇ ਸਨ। ਮਾਂ ਨੇ ਵਿਰਾਜ ਨੂੰ ਕੁੱਤਿਆਂ ਤੋਂ ਛੁਡਾ ਲਿਆ ਤਾਂ ਹਸਪਤਾਲ ਵਿਚ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ।

## ਕਾਂਗਰਸ ਵਿਧਾਇਕ ਭੜਕਿਆ

# ਰੇਤ ਬੱਜਰੀ ਉੱਤੇ ਕਾਂਗਰਸ ਮਾਫੀਆ ਦਾ ਹੀ ਕਬਜ਼ਾ ਹੋਇਆ ਪਿਐ

ਅਮਰਗੜ੍ਹ (ਸੰਗਰੂਰ), 28 ਜਨਵਰੀ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ, ਅਮਲੋਹ ਦੇ ਵਿਧਾਇਕ ਕਾਕਾ ਰਣਦੀਪ ਸਿੰਘ ਨਾਭਾ ਦੇ ਬਾਅਦ ਹਲਕਾ ਅਮਰਗੜ੍ਹ ਦੇ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਆਪਣੀ ਹੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਇਆ ਹੈ।



ਕੱਲ੍ਹ ਏਥੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅਮਰਗੜ੍ਹ ਵਿੱਚ ਗਣਤੰਤਰ ਦਿਵਸ ਸਮਾਗਮ ਵਾਸਤੇ ਮੁੱਖ ਮਹਿਮਾਨ ਵਜੋਂ ਪਹੁੰਚੇ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਹਿਲਾਂ ਰੇਤ ਬੱਜਰੀ ਉੱਤੇ ਅਕਾਲੀ ਮਾਫੀਆ ਦਾ ਕਬਜ਼ਾ ਸੀ ਅਤੇ ਅੱਜਕੱਲ੍ਹ ਕਾਂਗਰਸ ਮਾਫੀਆ ਦਾ ਹੈ। ਚੋਣਾਂ ਤੋਂ ਪਹਿਲਾਂ ਸਰਕਾਰ ਬਣਨ ਉੱਤੇ ਰੇਤ ਬਜਰੀ ਦੇ ਰੇਟ ਘੱਟ ਕਰਨ ਦਾ ਵਾਅਦਾ ਕੀਤਾ ਗਿਆ ਸੀ, ਜੋ ਪੂਰਾ ਨਹੀਂ ਹੋਇਆ। ਉਲਟਾ ਕਾਂਗਰਸ ਨੇਤਾ ਹੀ ਰੇਤ ਬਜਰੀ ਦਾ ਮਾਫੀਆ ਬਣ ਕੇ ਲੋਕਾਂ ਨੂੰ ਲੁੱਟਣ ਲੱਗ ਪਏ ਹਨ। ਉਨ੍ਹਾਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਨੂੰ ਪਤਾ ਸੀ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ, ਇਸ ਦੇ ਬਾਵਜੂਦ ਕਾਂਗਰਸੀ ਨੇਤਾਵਾਂ ਨੇ ਲੋਕਾਂ ਨੂੰ ਗੁੰਮਰਾਹ ਕਰ ਕੇ ਤਰ੍ਹਾਂ ਤਰ੍ਹਾਂ ਦੇ ਵਾਅਦੇ ਕੀਤੇ ਤੇ ਸਰਕਾਰ ਬਣਾ ਲਈ ਤੇ ਅੱਜ ਵਾਅਦੇ ਪੂਰੇ ਨਹੀਂ ਕੀਤੇ ਜਾ ਰਹੇ। ਧੀਮਾਨ ਨੇ ਕਿਹਾ ਕਿ ਸਰਕਾਰੀ ਕਾਲਜ ਅਮਰਗੜ੍ਹ ਦੀ ਇਮਾਰਤ ਵਿੱਚ ਵਰਤੀ ਜਾ ਰਹੀ ਘਟੀਆ ਸਮੱਗਰੀ ਦੀ ਉੱਚ ਪੱਧਰੀ ਜਾਂਚ ਕਰਾਈ ਜਾਏਗੀ। ਖਾਣੀ ਪਾਈ ਜਾਣ 'ਤੇ ਸੰਬੰਧਤ ਅਧਿਕਾਰੀਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਏਗੀ। ਜੇ ਮੇਰੀ ਪਾਰਟੀ ਦਾ ਕੋਈ ਨੇਤਾ ਜਾਂ ਵਰਕਰ ਗਲਤ ਕੰਮ ਕਰੇਗਾ ਤਾਂ ਮੈਂ ਉਸ ਦੀ ਬਿਲਕੁਲ ਵੀ ਮਦਦ ਨਹੀਂ ਕਰਾਂਗਾ।

# ਡਰੋਣ ਮਾਮਲੇ ਵਿਚ ਐਨ ਆਈ ਏ ਵੱਲੋਂ ਦੋਸ਼ੀ ਦੇ ਆਵਾਜ਼ ਦੇ ਨਮੂਨੇ ਲਈ ਅਦਾਲਤ ਨੂੰ ਅਰਜ਼ੀ ਦਾਇਰ

ਐਸ ਏ ਐਸ ਨਗਰ, 28 ਜਨਵਰੀ (ਪੋਸਟ ਬਿਊਰੋ)- ਸਰਹੱਦ ਪਾਰ ਤੋਂ ਡਰੋਨ ਰਾਹੀਂ ਖੇਮਕਰਨ ਇਲਾਕੇ 'ਚ ਹਥਿਆਰ ਪੁਚਾਉਣ ਦੇ ਕੇਸ 'ਚ ਗ੍ਰਿਫ਼ਤਾਰ ਅਤੇ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸਬੰਧਿਤ ਦੱਸੇ ਜਾਂਦੇ ਮੁਲਜ਼ਮਾਂ ਦੀ ਆਵਾਜ਼ ਦੇ ਨਮੂਨੇ ਲੈਣ ਲਈ ਐਨ ਆਈ ਏ ਵੱਲੋਂ ਅਦਾਲਤ 'ਚ ਅਰਜ਼ੀ ਦਾਇਰ ਕੀਤੀ ਗਈ ਹੈ। ਅਦਾਲਤ ਨੇ ਇਸ 'ਤੇ ਮੁਲਜ਼ਮਾਂ ਨੂੰ ਆਪਣਾ ਪੱਖ ਰੱਖਣ ਲਈ 30 ਜਨਵਰੀ ਦਾ ਨੋਟਿਸ ਜਾਰੀ ਕੀਤਾ ਹੈ। ਇੱਕ ਹੋਰ ਮੁਲਜ਼ਮ ਤੋਂ ਬਰਾਮਦ ਡਰੋਨ ਅਦਾਲਤ 'ਚ ਪੇਸ਼ ਕਰਨ ਵਾਲੀ ਅਰਜ਼ੀ 'ਤੇ ਵੀ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਐਨ ਆਈ ਏ ਵੱਲੋਂ ਇਸ ਮਾਮਲੇ 'ਚ ਰੋਮਨਦੀਪ ਸਿੰਘ, ਹਰਭਜਨ ਸਿੰਘ, ਬਲਵੀਰ ਸਿੰਘ, ਆਕਾਸ਼ਦੀਪ ਸਿੰਘ, ਬਲਵੰਤ ਸਿੰਘ, ਸ਼ੁਭਦੀਪ ਸਿੰਘ, ਮਾਨ ਸਿੰਘ, ਸਾਜਨਪ੍ਰੀਤ ਸਿੰਘ, ਗੁਰਦੇਵ ਸਿੰਘ, ਮਲਕੀਤ ਸਿੰਘ ਅਤੇ ਹਰਭਜਨ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ। ਉਕਤ ਚਾਰਾਂ ਤੋਂ ਕੀਤੀ ਪੁੱਛਗਿੱਛ ਮਗਰੋਂ ਪੁਲਸ ਨੇ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਕੋਲੋਂ ਜਿਹੜਾ ਹਥਿਆਰ ਬਰਾਮਦ ਕੀਤੇ ਗਏ ਹਨ, ਉਹ ਡਰੋਨ ਰਾਹੀਂ ਪਾਕਿਸਤਾਨ 'ਚੋਂ ਆਏ ਸਨ। ਇਸ ਤੋਂ ਬਾਅਦ ਮਾਨ ਸਿੰਘ ਨਾਂਅ ਦੇ ਦੋਸ਼ੀ, ਜੋ ਪਹਿਲਾਂ ਜੇਲ੍ਹ 'ਚ ਬੰਦ ਸੀ, ਨੂੰ ਪੇਸ਼ਗੀ ਵਾਰੰਟ 'ਤੇ ਲਿਆ ਕੇ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ ਤੇ ਉਕਤ ਮੁਲਜ਼ਮਾਂ ਦੀ ਪੁੱਛਗਿੱਛ ਮਗਰੋਂ ਹੋਰਨਾਂ ਦੀ ਗ੍ਰਿਫ਼ਤਾਰੀ ਪਾਈ ਗਈ ਸੀ।

ਵਰਣਨ ਯੋਗ ਹੈ ਕਿ ਪੁਲਸ ਨੇ ਉਕਤ ਮੁਲਜ਼ਮਾਂ ਨੂੰ ਨਾਮਜ਼ਦ ਕਰਕੇ ਦੋਸ਼ ਲਾਇਆ ਸੀ ਕਿ ਪਾਕਿਸਤਾਨ 'ਚ ਬੈਠੇ ਰਣਜੀਤ ਸਿੰਘ ਨੀਟਾ ਦੇ ਹੁਕਮਾਂ 'ਤੇ ਡਰੋਨ ਰਾਹੀਂ ਹਥਿਆਰ ਪੰਜਾਬ ਦੇ ਸਰਹੱਦੀ ਇਲਾਕੇ 'ਚ ਭੇਜੇ ਗਏ ਹਨ।

FRANCHISES REQUIRED for Greece, Italy, Austria, Germany, Spain


PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers & lots of other Positions

Fast Track Immigration Under INVESTORS CLASS IMMIGRATION

Invest $200,000 (CAD) & Immigrate with family under Business Immigration



Subhash Punia
Immigration Counsel

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਪੱਛਮੀ ਬੰਗਾਲ ਵਿਧਾਨ ਸਭਾ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਮਤਾ ਪਾਸ

ਕੋਲਕਾਤਾ, 28 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਧਾਨ ਸਭਾ ਨੇ ਵੀ ਕੱਲ੍ਹ ਨਾਗਰਿਕਤਾ (ਸੋਧ) ਕਾਨੂੰਨ (ਸੀ ਏ ਏ) ਦੇ ਵਿਰੁੱਧ ਮਤਾ ਪਾਸ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਕੇਰਲ, ਰਾਜਸਥਾਨ ਅਤੇ ਪੰਜਾਬ ਨੇ ਅਜਿਹੇ ਮਤੇ ਪਾਸ ਕੀਤੇ ਸਨ। ਕੇਰਲ ਵਿਧਾਨ ਸਭਾ ਨੇ 31 ਦਸੰਬਰ 2019 ਨੂੰ ਏਦਾਂ ਦਾ ਮਤਾ ਪਾਸ ਕੀਤਾ ਸੀ, ਪੰਜਾਬ ਵਿਧਾਨ ਸਭਾ ਨੇ 17 ਜਨਵਰੀ ਨੂੰ ਅਤੇ ਰਾਜਸਥਾਨ ਨੇ 25 ਜਨਵਰੀ ਨੂੰ ਅਜਿਹਾ ਮਤਾ ਪਾਸ ਕੀਤਾ ਸੀ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵਿਰੋਧੀ ਪਾਰਟੀ ਸੀ ਪੀ ਆਈ ਐੱਮ ਅਤੇ ਕਾਂਗਰਸ ਨਾਲ ਸਿਆਸੀ ਮਤਭੇਦਾਂ ਨੂੰ ਲਾਂਭੇ ਕਰਦੇ ਹੋਏ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਵਿਰੁੱਧ ਮਿਲ ਕੇ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਐਨ ਪੀ ਆਰ, ਐੱਨ ਆਰ ਸੀ ਅਤੇ ਸੀ ਏ ਏ ਆਪੋ ਵਿੱਚ ਜੁੜੇ ਹੋਏ ਹਨ। ਨਵਾਂ ਨਾਗਰਿਕਤਾ ਕਾਨੂੰਨ ਲੋਕ ਵਿਰੋਧੀ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਕਾਨੂੰਨ ਹਰ ਹਾਲਤ ਵਾਪਸ ਲਿਆ ਜਾਣਾ ਚਾਹੀਦਾ ਹੈ। ਕਾਂਗਰਸ ਅਤੇ ਖੱਬੇ ਪੱਖੀ ਮੋਰਚੇ ਨੂੰ ਮੇਰੀ ਸਰਕਾਰ ਵਿਰੁੱਧ ਅਫਵਾਹਾਂ ਫੈਲਾਉਣੀਆਂ ਬੰਦ ਕਰਨੀਆਂ ਚਾਹੀਦੀਆਂ ਹਨ।

# ਦਿੱਲੀ ਵਿੱਚ ਅਕਾਲੀ ਦਲ ਦੋਫਾੜ, ਇੱਕ ਗਰੁੱਪ ਭਾਜਪਾ ਦੇ ਹੱਕ ਵਿੱਚ ਚੱਲ ਪਿਆ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਮਰਥਨ ਦੇਣ ਦੇ ਮੁੱਦੇ 'ਤੇ ਬਾਦਲ ਅਕਾਲੀ ਦਲ ਦੋਫਾੜ ਹੋ ਗਿਆ ਹੈ। ਅਕਾਲੀ ਦਲ ਦੀ ਦਿੱਲੀ ਇਕਾਈ ਦੇ ਕਈ ਵੱਡੇ ਨੇਤਾਵਾਂ ਨੇ ਭਾਜਪਾ ਉਮੀਦਵਾਰਾਂ ਦੇ ਸਮਰਥਨ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਸਾਰੇ ਨੇਤਾਵਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਭਾਜਪਾ ਉਮੀਦਵਾਰਾਂ ਨੂੰ ਸਮਰਥਨ ਕਰ ਦਿੱਤਾ ਹੈ। ਅਕਾਲੀ ਦਲ ਦੇ ਨਿਗਮ ਕੌਂਸਲਰ ਅਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਖੁੱਲ੍ਹ ਕੇ ਮੈਦਾਨ ਵਿੱਚ ਉਤਰ ਗਏ ਹਨ।

ਅਕਾਲੀ ਦਲ ਦਿੱਲੀ ਕਮੇਟੀ ਦੇ ਉਪ ਪ੍ਰਧਾਨ ਕੁਲਵੰਤ ਸਿੰਘ ਬਾਠ ਨੇ ਐਤਵਾਰ ਘੋਂਡਾ ਵਿੱਚ ਭਾਜਪਾ ਦੇ ਸਾਬਕਾ ਪ੍ਰਧਾਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਸਵਾਗਤ ਕੀਤਾ। ਇੱਕ ਰੋਡ ਸ਼ੋਅ ਦੇ ਦੌਰਾਨ ਆਪਣੀ ਕੌਂਸਲਰ ਪਤਨੀ ਗੁਰਜੀਤ ਕੌਰ ਬਾਠ ਦੇ ਨਾਲ ਮਿਲ ਕੇ ਉਨ੍ਹਾਂ ਦੋਵਾਂ ਨੇ ਅਮਿਤ ਸ਼ਾਹ ਨੂੰ ਸਿਰੋਪਾ ਅਤੇ ਕ੍ਰਿਪਾਨ



*ਬੀਤੇ ਦਿਨੀਂ ਦਿੱਲੀ ਵਿਖੇ ਹੋਏ ਅਮਿਤ ਸ਼ਾਹ ਦੇ ਰੋਡ ਸ਼ੋਅ ਦਾ ਇਕ ਦ੍ਰਿਸ਼।*

ਭੇਂਟ ਕੀਤੀ ਅਤੇ ਭਾਜਪਾ ਉਮੀਦਵਾਰ ਦੇ ਸਮਰਥਨ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ। ਦਿੱਲੀ ਕਮੇਟੀ ਅਤੇ ਅਕਾਲੀ ਦਲ ਦੇ ਵੱਡੇ ਅਧਿਕਾਰੀ ਦਾ ਭਾਜਪਾ ਦੇ ਸਾਬਕਾ ਰਾਸ਼ਟਰੀ ਪ੍ਰਧਾਨ ਨੂੰ ਸਿੱਖ ਪ੍ਰੰਪਰਾਵਾਂ ਦੇ ਅਨੁਸਾਰ ਸਨਮਾਨਿਤ ਕਰਨਾ ਸਿੱਧੇ ਤੌਰ 'ਤੇ ਭਾਜਪਾ ਵੱਲੋਂ ਅਕਾਲੀ ਦਲ ਤੋਂ ਕਿਨਾਰਾ ਕਰਨ ਦੀ ਸਥਿਤੀ ਦੇ ਬਾਅਦ ਆਪਣੀ ਸਥਿਤੀ ਨੂੰ ਸਾਫ ਕਰਨ ਵਰਗਾ ਹੈ ਜਿਸ ਤੋਂ ਲੱਗਦਾ ਹੈ ਕਿ ਦਿੱਲੀ ਦੇ ਅਕਾਲੀ ਨੇਤਾ ਆਪਣੇ ਪੁਰਾਣੇ ਸੰਬੰਧਾਂ ਦੇ ਕਾਰਨ ਭਾਜਪਾ ਦੀ ਅਗਵਾਈ ਅਤੇ ਐਲਾਨੇ ਉਮੀਦਵਾਰਾਂ ਦੇ ਖਿਲਾਫ ਚੱਲਣ ਦੀ ਹਿੰਮਤ ਨਹੀਂ ਜੁਟਾ ਰਹੇ। ਉਨ੍ਹਾਂ ਨੂੰ ਲੱਗਦਾ ਹੈ ਕਿ 2021 ਦੇ ਦਿੱਲੀ ਗੁਰਦੁਆਰਾ ਕਮੇਟੀ ਅਤੇ 2022 ਦੀਆਂ ਨਿਗਮ ਚੋਣਾਂ ਵਿੱਚ ਭਾਜਪਾ ਦੇ ਸਹਿਯੋਗ ਬਿਨਾਂ ਉਨ੍ਹਾਂ ਦਾ ਰਾਜਨੀਤਕ ਅਖਾੜੇ ਵਿੱਚ ਟਿਕਿਆ ਰਹਿਣਾ ਮੁਸ਼ਕਲ ਹੋਵੇਗਾ। ਉਹ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਦੀ ਉਡੀਕ ਕਰਨ ਦਾ ਜੋਖਿਮ ਨਹੀਂ ਉਠਾਉਣਾ ਚਾਹੁੰਦੇ।

ਸੋਸ਼ਲ ਮੀਡੀਆ ਉੱਤੇ ਵਾਇਰਲ ਕਈ ਵੀਡੀਓ ਵਿੱਚ ਪੰਜਾਬ ਭਾਜਪਾ ਦੇ ਨੇਤਾ 2022 ਵਿੱਚ ਪੰਜਾਬ ਵਿੱਚ ਭਾਜਪਾ ਦਾ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਚੁੱਕੇ ਹਨ। ਬਾਦਲ ਪਰਵਾਰ ਦੀ ਕਮਜ਼ੋਰ ਹੋਈ ਸਿਆਸੀ ਪਕੜ ਤੇ ਹਮਲਾਵਰ ਭਾਜਪਾ ਵਿਚਾਲੇ ਇਹ ਨੇਤਾ ਆਪਣਾ ਰਾਜਨੀਤਕ ਵਜੂਦ ਕਾਇਮ ਰੱਖਣਾ ਚਾਹੁੰਦੇ ਹਨ। ਕੁਲਵੰਤ ਸਿੰਘ ਬਾਠ ਦੇ ਨਾਲ ਕਮੇਟੀ ਮੈਂਬਰ ਆਤਮਾ ਸਿੰਘ ਲੁਭਾਮਣਾ ਵੀ ਐਤਵਾਰ ਤਿਲਕ ਵਿਹਾਰ ਵਿੱਚ ਭਾਜਪਾ ਦੇ ਉਮੀਦਵਾਰ ਰਾਜੀਵ ਬੱਬਰ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸੇ ਤਰ੍ਹਾਂ ਮਾਲਵੀਆ ਨਗਰ ਤੋਂ ਕਮੇਟੀ ਮੈਂਬਰ ਓਂਕਾਰ ਸਿੰਘ ਰਾਜਾ ਵੱਲੋਂ ਵੀ ਭਾਜਪਾ ਉਮੀਦਵਾਰ ਸ਼ੈਲੇਂਦਰ ਸਿੰਘ ਮੋਂਟੀ ਦੇ ਹੱਕ ਵਿੱਚ ਪ੍ਰਚਾਰ ਕਰਨ ਦੀ ਖਬਰ ਹੈ। ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ ਸ਼ੁਰੂ ਤੋਂ ਆਰ ਪੀ ਸਿੰਘ ਦੇ ਨਾਲ ਜੁਟੇ ਹਨ। ਸੂਤਰਾਂ ਮੁਤਾਬਕ ਅਕਾਲੀਆਂ ਦੀ ਕਮਜ਼ੋਰ ਸਿਆਸੀ ਪਕੜ ਵੇਖਦੇ ਹੋਏ ਭਾਜਪਾ ਨੇ ਸਿੱਖ ਹਲਕਿਆਂ ਵਿੱਚ ਆਪਣੇ ਸਿੱਖ ਨੇਤਾਵਾਂ ਖਾਸ ਕਰ ਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੂੰ ਪੇਸ਼ ਕਰ ਦਿੱਤਾ ਹੈ। ਪੁਰੀ ਨੇ ਕੱਲ੍ਹ 1984 ਸਿੱਖ ਵਿਰੋਧੀ ਦੰਗਾ ਪੀੜਤਾਂ ਦੀ ਬਸਤੀ ਤਿਲਕ ਵਿਹਾਰ ਵਿੱਚ ਛੋਟੀ ਰੈਲੀ ਕਰ ਕੇ ਪੂਰੀ ਕਲੋਨੀ ਗੋਦ ਲੈਣ ਦਾ ਐਲਾਨ ਵੀ ਕਰ ਦਿੱਤਾ।

# ਟਰਾਂਸਜੈਂਡਰ ਜੱਜ ਦੀ ਪਟੀਸ਼ਨ ਉੱਤੇ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਸਾਮ ਵਿੱਚ ਅੰਤਿਮ ਰੂਪ ਨਾਲ ਪ੍ਰਕਾਸ਼ਿਤ ਰਾਸ਼ਟਰੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਵਿੱਚ ਕਰੀਬ 2 ਹਜ਼ਾਰ ਟਰਾਂਸਜੈਂਡਰ ਲੋਕਾਂ ਸ਼ਾਮਲ ਨਾ ਕੀਤਾ ਜਾਣ ਬਾਰੇ ਕੇਂਦਰ ਅਤੇ ਰਾਜ ਸਰਕਾਰ ਤੋਂ ਜਵਾਬ ਮੰਗਿਆ ਹੈ।



ਚੀਫ ਜਸਟਿਸ ਐੱਸ ਏ ਬੋਬੜੇ, ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰੀਆਕਾਂਤ ਦੀ ਬੈਂਚ ਨੇ ਸਵਾਤੀ ਬਿਧਾਨ ਬਰੂਆ ਦੀ ਪਟੀਸ਼ਨ ਉੱਤੇ ਕੇਂਦਰ ਤੇ ਆਸਾਮ ਸਰਕਾਰ ਨੂੰ ਨੋਟਿਸ ਜਾਰੀ ਕੀਤੇ ਹਨ। ਆਸਾਮ ਰਾਜ ਤੋਂ ਪਹਿਲੇ ਟਰਾਂਸਜੈਂਡਰ ਜੱਜ ਬਰੂਆ ਨੇ ਰਾਸ਼ਟਰੀ ਨਾਗਰਿਕ ਰਜਿਸਟਰ ਦੀ ਪ੍ਰਕਿਰਿਆ ਤੇ ਇਸ ਤੋਂ ਬਾਅਦ ਸੂਚੀ ਦੇ ਅੰਤਮ ਮਸੌਦੇ ਦੇ ਪ੍ਰਕਾਸ਼ਨ ਦੌਰਾਨ ਟਰਾਂਸਜੈਂਡਰ ਵਰਗ ਨੂੰ ਵੱਖ ਰੱਖਣ ਬਾਰੇ ਦੱਸ ਕੇ ਸੁਪਰੀਮ ਕੋਰਟ ਵਿੱਚ ਅਰਜ਼ੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਐੱਨ ਆਰ ਸੀ ਦੀ ਆਖਰੀ ਸੂਚੀ ਪਿਛਲੇ ਸਾਲ ਅਗਸਤ ਵਿੱਚ ਆਈ ਸੀ। ਇਸ ਤੋਂ ਕਰੀਬ 19 ਲੱਖ ਲੋਕਾਂ ਨੂੰ ਬਾਹਰ ਕਰ ਦਿੱਤਾ ਗਿਆ ਸੀ। ਆਸਾਮ ਦੇਸ਼ ਦਾ ਪਹਿਲਾ ਰਾਜ ਹੈ, ਜਿੱਥੇ ਸਿਟੀਜਨ ਰਜਿਸਟਰ ਹੈ। ਪਿਛਲੇ ਸਾਲ ਸਵਾਤੀ ਬਿਧਾਨ ਬਰੂਆ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਉੱਤੇ ਪੁਰਸ਼ ਸ਼੍ਰੇਣੀ ਹੇਠ ਵੋਟ ਅਧਿਕਾਰ ਦੀ ਵਰਤੋਂ ਕਰਨ ਦਾ ਦਬਾਅ ਪਾਇਆ ਗਿਆ ਸੀ। ਉਸ ਨੂੰ ਕਿਹਾ ਗਿਆ ਕਿ ਉਨ੍ਹਾਂ ਦੇ ਵੋਟਿੰਗ ਨਾਲ ਸੰਬੰਧਤ ਦਸਤਾਵੇਜ਼ ਸਹੀ ਨਹੀਂ। ਬਰੂਆ ਅਨੁਸਾਰ ਟਰਾਂਸਜੈਂਡਰ ਭਾਈਚਾਰੇ ਵਿੱਚ ਵੋਟਿੰਗ ਦੀ ਗਿਣਤੀ ਇਸ ਲਈ ਘੱਟ ਹੁੰਦੀ ਹੈ ਕਿ ਇਨ੍ਹਾਂ ਵਿੱਚੋਂ ਕਈ ਵੋਟਰ ਆਈ ਡੀ ਵਿੱਚ ਜੈਂਡਰ ਆਪਸ਼ਨ ਨਹੀਂ ਬਦਲ ਸਕੇ। ਬਰੂਆ ਨੇ ਕਿਹਾ, 'ਮੈਂ ਥਰਡ ਜੈਂਡਰ ਆਪਸ਼ਨ ਦੇ ਅਧੀਨ ਵੋਟਿੰਗ ਕਰਨਾ ਚਾਹੁੰਦੀ ਸੀ, ਪਰ ਨਹੀਂ ਕਰ ਸਕੀ। ਮੈਂ ਮੁੱਖ ਚੋਣ ਅਧਿਕਾਰੀ ਨਾਲ ਵੀ ਸੰਪਰਕ ਕੀਤਾ ਤਾਂ ਕਿ ਜੈਂਡਰ ਸੰਬੰਧੀ ਮੇਰੇ ਕਾਗਜ਼ਾਤ ਸਹੀ ਹੋ ਜਾਣ। ਪਰ ਮੈਨੂੰ ਚੋਣਾਂ ਤੋਂ ਬਾਅਦ ਆਉਣ ਲਈ ਕਿਹਾ ਗਿਆ।' ਇਸ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਦਾ ਜਵਾਬ ਮੰਗਿਆ ਹੈ।

# ਭਾਜਪਾ ਰੈਲੀ ਵਿੱਚ ਲੋਕ 500 ਰੁਪਏ ਦਿਹਾੜੀ ਉੱਤੇ ਲਿਆਂਦੇ ਗਏ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਬਾਲੀਵੁੱਡ ਡਾਇਰੈਕਟਰ ਅਨੁਰਾਗ ਕਸ਼ਿਅਪ ਇਹਨੀਂ ਦਿਨੀਂ ਸੋਸ਼ਲ ਮੀਡੀਆ ਉੱਤੇ ਕਾਫ਼ੀ ਐਕਟਿਵ ਹਨ। ਪਿੱਛੇ ਜਿਹੇ ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੀ ਰੈਲੀ ਦਾ ਵੀਡੀਓ ਸ਼ੇਅਰ ਕੀਤਾ ਹੈ, ਜਿਸ ਵਿੱਚ ਲੋਕ ਦੱਸ ਰਹੇ ਹਨ ਕਿ ਉਨ੍ਹਾਂ ਨੂੰ 500 ਰੁਪਏ ਦੀ ਦਿਹਾੜੀ ਉੱਤੇ ਲਿਆਂਦਾ ਗਿਆ ਹੈ।

ਭਾਜਪਾ ਦੀ ਰੈਲੀ ਦਾ ਇਹ ਵੀਡੀਓ ਸ਼ੇਅਰ ਕਰ ਕੇ ਬਾਲੀਵੁਡ ਡਾਇਰੈਕਟਰ ਅਨੁਰਾਗ ਕਸ਼ਿਅਪ ਨੇ ਪਾਰਟੀ ਉੱਤੇ ਬਾਰੇ ਜਿਹੜਾ ਟਵੀਟ ਕੀਤਾ ਹੈ, ਉਹ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ। ਅਨੁਰਾਗ ਕਸ਼ਿਅਪ ਨੇ ਇਹ ਵੀਡੀਓ ਸ਼ੇਅਰ ਕਰਦੇ ਹੋਏ ਲਿਖਿਆ ਕਿ ਭਾਜਪਾ ਆਗੂ ਪੈਸੇ ਦੇ ਕੇ ਭੀੜ ਇਕੱਠਾ ਕਰਦੇ ਹਨ ਅਤੇ ਇਨ੍ਹਾਂ ਨੂੰ ਲੱਗਦਾ ਹੈ ਕਿ ਸਭ ਇਨ੍ਹਾਂ ਵਰਗੇ ਹਨ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸ਼ਾਹੀਨ ਬਾਗ ਬਾਰੇ ਇੱਕ ਵੀਡੀਓ ਵਾਇਰਲ ਹੋਇਆ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਇੱਥੇ ਧਰਨਾ ਦੇਂਦੀਆਂ ਔਰਤਾਂ ਸ਼ਿਫਟ ਦੇ ਹਿਸਾਬ ਨਾਲ ਆਉਂਦੀਆਂ ਹਨ ਤੇ ਹਰ ਸ਼ਿਫਟ ਲਈ ਹਰ ਔਰਤ ਨੂੰ 500 ਰੁਪਏ ਦਾ ਭੁਗਤਾਨ ਕੀਤਾ ਜਾਂਦਾ ਹੈ। ਇਸ ਵੀਡੀਓ ਨੂੰ ਸ਼ੇਅਰ ਕਰਨ ਲਈ ਭਾਜਪਾ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੂੰ ਇੱਕ ਕਰੋੜ ਦਾ ਮਾਨਹਾਨੀ ਨੋਟਿਸ ਵੀ ਭੇਜਿਆ ਗਿਆ ਸੀ।

ਵਰਨਣ ਯੋਗ ਹੈ ਕਿ ਅਨੁਰਾਗ ਕਸ਼ਿਅਪ ਆਪਣੇ ਟਵੀਟ ਨੂੰ ਲੈ ਕੇ ਸੋਸ਼ਲ ਮੀਡੀਆ ਉੱਤੇ ਖ਼ੂਬ ਸੁਰਖੀਆਂ ਬਟੋਰਦੇ ਹਨ। ਆਪਣੇ ਟਵੀਟ ਦੇ ਨਾਲ ਉਹ ਸਮਾਜੀ ਮੁੱਦਿਆਂ ਉੱਤੇ ਰਿਐਕਸ਼ਨ ਦਿੰਦੇ ਅਤੇ ਨਿਸ਼ਾਨਾ ਵੀ ਸਾਧਦੇ ਹਨ। ਕਈ ਵਾਰ ਆਪਣੇ ਟਵੀਟ ਦੇ ਕਾਰਨ ਅਨੁਰਾਗ ਕਸ਼ਿਅਪ ਸੋਸ਼ਲ ਮੀਡਿਆ ਉੱਤੇ ਟਰੋਲ ਵੀ ਹੋ ਜਾਂਦੇ ਹਨ।

## ਵਾਇਰਸ ਸ਼ਲੇਅਰ ਨੇ ਅਮਰੀਕੀ ਤੇ ਭਾਰਤੀ ਇੰਟਰਨੈੱਟ ਯੂਜ਼ਰਜ਼ ਨੂੰ ਸਭ ਤੋਂ ਵੱਧ ਪ੍ਰੇਸ਼ਾਨ ਕੀਤਾ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਸਲਾ 2019 ਵਿੱਚ ਅਮਰੀਕੀਆਂ ਦੇ ਬਾਅਦ ਭਾਰਤ ਦੇ ਇੰਟਰਨੈੱਟ ਯੂਜ਼ਰਜ਼ ਮਹਾਮਾਰੀ ਦੀ ਤਰ੍ਹਾਂ ਫੈਲੇ ਮੈਕਓਐਸ ਮਾਲਵੇਅਰ ਵਾਇਰਸ) ਸ਼ਲੇਅਰ ਤੋਂ ਪ੍ਰੇਸ਼ਾਨ ਰਹੇ। ਵਰਨਣ ਯੋਗ ਹੈ ਕਿ ਇਹ ਸ਼ਲੇਅਰ ਪਾਰਟਨਰ ਨੈੱਟਵਰਕ, ਇੰਟਰਟੇਨਮੈਂਟ ਵੈਬਸਾਈਟਾਂ ਅਤੇ ਇਥੋਂ ਤੱਕ ਕਿ ਵਿਕੀਪੀਡੀਆ ਦੇ ਜ਼ਰੀਏ ਵੀ ਆ ਸਕਦਾ ਹੈ ਅਤੇ ਲੀਗਲ ਸਾਈਟਸ 'ਤੇ ਵੀ ਇਸ ਦਾ ਬੋਲਬਾਲਾ ਹੈ। ਸ਼ਲੇਅਰ ਪਹਿਲਾਂ ਐਡਵੇਅਰ ਇੰਸਟਾਲ ਕਰਦਾ ਹੈ ਅਤੇ ਫਿਰ ਉਸ ਦੇ ਰਾਹੀਂ ਅਣਲੋੜੀਂਦੇ ਇਸ਼ਤਿਹਾਰਾਂ ਨਾਲ ਯੂਜਰਜ਼ ਦੇ ਨੱਕ ਵਿੱਚ ਦਮ ਕਰ ਦਿੰਦਾ ਹੈ। ਇਹ ਯੂਜ਼ਰਜ਼ ਬਰਾਊਜ਼ਰ ਤੋਂ ਜੋ ਜਾਣਕਾਰੀ ਲੇਣ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਵਿੱਚ ਦਖਲ ਦੇ ਕੇ ਅਤੇ ਉਨ੍ਹਾਂ ਨੂੰ ਮੋਡੀਫਾਈ ਕਰ ਕੇ ਕਈ ਗੁਣਾ ਤੇਜ਼ੀ ਨਾਲ ਇਸ਼ਤਿਹਾਰ ਸੁੱਟਣ ਲੱਗਦਾ ਹੈ। ਸ਼ਲੇਅਰ ਦ ਟ੍ਰੈਕ ਕਰਨ ਵਾਲੀ ਸਾਈਬਰ ਸਕਿਓਰਿਟੀ ਫਰਮ ਕਾਸਪ੍ਰਸਕੀ ਦਾ ਕਹਿਣਾ ਹੈ ਕਿ ਗਨੀਮਤ ਹੈ ਕਿ ਸ਼ਲੇਅਰ ਮੈਕਓਐਸ ਯੂਜ਼ਰਜ਼ ਨੂੰ ਸਿਰ ਅਣਲੋੜੀਂਦੇ ਇਸ਼ਤਿਹਾਰਾਂ ਨਾਲ ਹੀ ਤੰਗ ਕਰਦਾ ਹੈ, ਪ੍ਰੰਤੂ ਉਹ ਇਸ ਤੋਂ ਕੁਝ ਬੁਰਾ ਕੰਮ ਕਰ ਸਕਦਾ ਹੈ ਜਿਵੇਂ ਫਾਈਨੈਂਸ਼ੀਅਲ ਡਾਟਾ ਚੋਰੀ ਵਿੱਚ ਸ਼ਾਮਲ ਹੋ ਸਕਦਾ ਹੈ।

# 15 ਫਰਵਰੀ ਨੂੰ ਆਮ ਇਜਲਾਸ ਵਿੱਚ ਗੋਲਕ ਗਬਨ ਦੇ ਦੋਸ਼ੀਆਂ ਦੀ ਮੈਂਬਰੀ ਰੱਦ ਕਰਾਂਗੇ : ਸਿਰਸਾ



ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੂੰ ਗੋਲਕ ਚੋਰੀ ਦੇ ਕੇਸ ਵਿੱਚ ਆਪਣਾ ਪੱਖ ਰੱਖਣ ਲਈ ਇੱਕ ਹੋਰ ਮੌਕਾ ਦੇਣ ਦਾ ਫੈਸਲਾ ਕੀਤਾ ਹੈ, ਜਿਸ ਮਗਰੋਂ 15 ਫਰਵਰੀ ਨੂੰ ਕਮੇਟੀ ਦਾ ਆਮ ਅਜਲਾਸ ਸੱਦਿਆ ਜਾ ਰਿਹਾ ਹੈ, ਜਿਸ ਵਿੱਚ ਗੋਲਕ ਗਬਨ ਦੇ ਦੋਸ਼ੀ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕੀਤੀ ਜਾਵੇਗੀ। ਇਹ ਪ੍ਰਗਟਾਵਾ ਕਮੇਟੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ।

ਸਿਰਸਾ ਨੇ ਦੱਸਿਆ ਕਿ ਮਨਜੀਤ ਸਿੰਘ ਜੀ ਕੇ ਨੂੰ 10 ਵਾਰ ਆਪਣਾ ਪੱਖ ਰੱਖਣ ਲਈ ਮੌਕਾ ਦੇਣ ਲਈ ਸੱਦਿਆ ਗਿਆ, ਪਰ ਉਹ ਇੱਕ ਵਾਰ ਵੀ ਨਹੀਂ ਆਏ। ਉਲਟਾ ਉਨ੍ਹਾਂ ਨੇ ਆਡਿਟ ਕਮੇਟੀ ਅੱਗੇ ਸ਼ਰਤ ਰੱਖ ਦਿੱਤੀ ਕਿ ਉਨ੍ਹਾਂ ਨੂੰ 10 ਕਰੋੜ ਰੁਪਏ ਦਾ ਇਨਡੈਮਨਿਟੀ ਬ੍ਰਾਂਡ ਭਰ ਕੇ ਦਿੱਤਾ ਜਾਵੇ ਅਤੇ ਭਰੋਸਾ ਦਿੱਤਾ ਜਾਵੇ ਕਿ ਜੋ ਗੱਲਾਂ ਉਹ ਆਡਿਟ ਕਮੇਟੀ ਨੂੰ ਦੱਸਣਗੇ, ਉਹ ਲੋਕਾਂ ਨੂੰ ਨਹੀਂ ਦੱਸੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਮੇਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਹ ਵੇਖਣ ਨੂੰ ਮਿਲਿਆ ਕਿ ਜਿਨ੍ਹਾਂ ਨੇ ਘਪਲੇ ਕੀਤੇ ਹਨ, ਉਹ ਮੰਨ ਰਹੇ ਹਨ ਕਿ ਕੀਤੇ ਹਨ, ਪਰ ਇਨਡੈਮਨਿਟੀ ਬਾਂਡ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਮਨਜੀਤ ਸਿੰਘ ਜੀ ਕੇ ਨੂੰ ਇੱਕ ਮੌਕਾ ਹੋਰ ਇਸ ਵਾਸਤੇ ਦੇਣਾ ਚਾਹੁੰਦੇ ਹਾਂ ਕਿ ਇਹ ਬਹਾਨੇ ਬਣਾ ਕੇ ਭੱਜ ਨਾ ਸਕਣ ਤੇ ਲੋਕਾਂ ਕੋਲ ਇਹ ਨਾ ਕਹਿਣ ਕਿ ਮੈਨੂੰ ਮੌਕਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਮਨਜੀਤ ਸਿੰਘ ਜੀ ਕੇ ਇਸ ਕਾਰਨ ਆਡਿਟ ਕਮੇਟੀ ਅੱਗੇ ਪੇਸ਼ ਨਹੀਂ ਹੋ ਰਹੇ ਕਿਉਂਕਿ ਉਹ ਜਾਣਦੇ ਹਨ ਕਿ ਜਦੋਂ ਉਹ ਪੇਸ਼ ਹੋਏ ਤਾਂ ਫਿਰ ਲੋਕਾਂ ਨੂੰ ਸੱਚ ਪਤਾ ਲੱਗ ਜਾਵੇਗਾ।

## ਭਾਰਤ ਸਰਕਾਰ ਨਾਲ ਸਮਝੌਤੇ ਪਿੱਛੋਂ ਬੋਡੋਲੈਂਡ ਦਾ ਵਿਵਾਦ ਖ਼ਤਮ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਆਸਾਮ ਦੇ ਖ਼ਤਰਨਾਕ ਅੱਤਵਾਦੀ ਸੰਗਠਨਾਂ 'ਚੋਂ ਇੱਕ ਨੈਸ਼ਨਲ ਡੈਮੋਕ੍ਰੇਟਿਕ ਫ਼ਰੰਟ ਆਫ਼ ਬੋਡੋਲੈਂਡ (ਐਨ ਡੀ ਐਫ ਬੀ) ਨਾਲ ਕੱਲ੍ਹ ਸ਼ਾਂਤੀ ਸਮਝੌਤੇ ਉਤੇ ਦਸਖ਼ਤ ਕੀਤੇ ਹਨ। ਲੰਬੇ ਸਮੇਂ ਤੋਂ ਬੋਡੋ ਰਾਜ ਦੀ ਮੰਗ ਲਈ ਅੰਦੋਲਨ ਚਲਾਉਣ ਵਾਲੇ ਆਲ ਬੋਡੋ ਸਟੂਡੈਂਟ ਯੂਨੀਅਨ (ਏ ਬੀ ਐਸ ਯੂ) ਨੇ ਵੀ ਇਸ ਸਮਝੌਤੇ 'ਤੇ ਦਸਤਖ਼ਤ ਕਰ ਦਿੱਤੇ ਹਨ। ਇਸ ਤਿਕੋਣੇ ਸਮਝੌਤੇ 'ਤੇ ਆਸਾਮ ਦੇ ਮੁੱਖ ਮੰਤਰੀ ਸਰਬਾਨੰਦ ਸੋਨੋਵਾਲ, ਐਨ ਡੀ ਐਫ ਬੀ ਦੇ ਚਾਰ ਗੁੱਟਾਂ ਦੀ ਅਗਵਾਈ ਵਿੱਚ ਏ ਬੀ ਐਸ ਯੂ ਗ੍ਰਹਿ ਮੰਤਰਾਲੇ ਦੇ ਜਾਇੰਟ ਸਕੱਤਰ ਸਤਿੰਦਰਾ ਗਰਗ ਅਤੇ ਆਸਾਮ ਦੇ ਚੀਫ ਸੈਕਟਰੀ ਕੁਮਾਰ ਸੰਜੇ ਕ੍ਰਿਸ਼ਨਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਦਖਸ਼ਤ ਕੀਤੇ।

ਕੇਂਦਰੀ ਗ੍ਰਹਿ ਸਕੱਤਰ ਅਜੇ ਭੱਲਾ ਨੇ ਕਿਹਾ ਕਿ ਇਹ ਇੱਕ ਇਤਿਹਾਸਕ ਸਮਝੌਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਬੋਡੋ ਮੁੱਦੇ ਦਾ ਵਿਆਪਕ ਹੱਲ ਮਿਲ ਸਕੇਗਾ। ਪੂਰਬੀ-ਉੱਤਰੀ ਰਾਜਾਂ 'ਚੋਂ ਅੱਤਵਾਦ ਦੇ ਖ਼ਾਤਮੇ ਦਾ ਵਾਅਦਾ ਕਰਕੇ ਸੱਤਾ 'ਚ ਆਈ ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੂੰ ਇਸ ਦਿਸ਼ਾ ਵਿੱਚ ਕੱਲ੍ਹ ਵੱਡੀ ਸਫਲਤਾ ਹੱਥ ਲੱਗੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ 'ਚ ਕੇਂਦਰ ਸਰਕਾਰ, ਆਸਾਮ ਸਰਕਾਰ ਅਤੇ ਬੋਡੋ ਅੱਤਵਾਦੀ ਸੰਗਠਨਾਂ ਦੇ ਪ੍ਰਤੀਨਿਧਾਂ ਨੇ 'ਅਸਾਮ ਸਮਝੌਤਾ 2020' ਉੱਤੇ ਦਸਖ਼ਤ ਕਰ ਦਿੱਤੇ। ਇਸ ਨਾਲ ਲਗਭਗ 50 ਸਾਲ ਤੋਂ ਚੱਲਦਾ ਬੋਡੋਲੈਂਡ ਵਿਵਾਦ ਸਮਾਪਤ ਹੋ ਗਿਆ, ਜਿਸ 'ਚ 2823 ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਪਿਛਲੇ 27 ਸਾਲਾਂ ਵਿੱਚ ਇਹ ਤੀਸਰਾ ਆਸਾਮ ਸਮਝੌਤਾ ਹੈ। ਜਾਣਕਾਰ ਸੂਤਰਾਂ ਅਨੁਸਾਰ ਇਸ ਵਿਵਾਦ ਦੇ ਜਲਦੀ ਹੱਲ ਲਈ ਮੋਦੀ ਸਰਕਾਰ ਲੰਬੇ ਸਮੇਂ ਤੋਂ ਯਤਨ ਕਰ ਰਹੀ ਸੀ ਅਤੇ ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਬਣਨ ਤੋਂ ਬਾਅਦ ਇਨ੍ਹਾਂ ਯਤਨਾਂ 'ਚ ਕਾਫ਼ੀ ਤੇਜ਼ੀ ਆਈ ਸੀ।

ਇਸ ਮੌਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਅੱਤਵਾਦੀ ਗੁੱਟ ਨੈਸ਼ਨਲ ਡੈਮੋਕ੍ਰੇਟਿਕ ਫ਼ਰੰਟ ਆਫ਼ ਬੋਡੋਲੈਂਡ ਦੇ 1550 ਕੇਡਰ 30 ਜਨਵਰੀ ਨੂੰ ਆਪਣੇ 130 ਹਥਿਆਰ ਸੌਂਪ ਕੇ ਸਮਰਪਣ ਕਰ ਦੇਣਗੇ। ਸ਼ਾਹ ਨੇ ਕਿਹਾ ਕਿ ਇਸ ਸਮਝੌਤੇ ਨਾਲ ਆਸਾਮ ਅਤੇ ਬੋਡੋ ਲੋਕਾਂ ਦਾ ਸੁਨਹਿਰੀ ਭਵਿੱਖ ਬਣੇਗਾ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਬੋਡੋ ਲੋਕਾਂ ਨਾਲ ਕੀਤੇ ਆਪਣੇ ਸਾਰੇ ਵਾਅਦਿਆਂ ਨੂੰ ਸਮਾਂਬੱਧ ਢੰਗ ਨਾਲ ਪੂਰਾ ਕਰੇਗੀ।

## ਭਾਰਤ ਵਿੱਚ ਜਿੱਨਾਹ ਦੇ ਵਿਚਾਰਾਂ ਦੀ ਜਿੱਤ ਹੋ ਰਹੀ ਹੈ: ਸ਼ਸ਼ੀ ਥਰੂਰ

ਜੈਪੁਰ, 28 ਜਨਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸੀ ਆਗੂ ਸ਼ਸ਼ੀ ਥਰੂਰ ਨੇ ਕਿਹਾ ਕਿ ਜੇ ਭਾਰਤ ਵਿੱਚ ਸੋਧੇ ਹੋਏ ਨਾਗਰਿਕਤਾ ਕਾਨੂੰਨ (ਸੀ ਏ ਏ) ਦਾ ਰਾਹ ਕੌਮੀ ਜਨਸੰਖਿਆ ਰਜਿਸਟਰੇਸ਼ਨ (ਐੱਨ ਪੀ ਆਰ) ਅਤੇ ਰਾਸ਼ਟਰੀ ਨਾਗਰਿਕ ਰਜਿਸਟਰ (ਐੱਨ ਆਰ ਸੀ) ਵੱਲ ਗਿਆ ਤਾਂ ਇਹ ਪਾਕਿਸਤਾਨ ਦੇ ਮੋਢੀ ਮੁਹੰਮਦ ਅਲੀ ਜਿੱਨਾਹ ਦੀ ਪੂਰੀ ਤਰ੍ਹਾਂ ਜਿੱਤ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਸੀ ਏ ਏ ਕਾਰਨ ਦੇਸ਼ ਦੀ ਧਾਰਨਾ ਬਾਰੇ ਜਿੱਨਾਹ ਦੇ ਵਿਚਾਰ ਭਾਰਤ ਵਿੱਚ ਪਹਿਲਾਂ ਹੀ ਜਿੱਤ ਰਹੇ ਹਨ, ਪਰ ਹਾਲੇ ਵੀ ਬਦਲ ਮੌਜੂਦ ਹੈ।

ਬੀਤੇ ਐਤਵਾਰ ਨੂੰ ਸਾਹਿਤ ਮਹਾਉਤਸਵ (ਜੇ ਐੱਲ ਐੱਫ) ਵਿੱਚ ਸ਼ਸ਼ੀ ਥਰੂਰ ਨੇ ਕਿਹਾ, ਮੈਂ ਇਹ ਗੱਲ ਨਹੀਂ ਕਹਾਂਗਾ ਕਿ ਜਿੱਨਾਹ ਜਿੱਤ ਚੁੱਕੇ ਹਨ, ਬਲਕਿ ਇਹ ਕਹਾਂਗਾ ਕਿ ਉਹ ਜਿੱਤ ਰਹੇ ਹਨ। ਹਾਲੇ ਵੀ ਦੇਸ਼ ਦੇ ਕੋਲ ਜਿੱਨਾਹ ਅਤੇ ਗਾਂਧੀ ਦੇ ਦੇਸ਼ ਦੇ ਵਿਚਾਰ ਵਿਚੋਂ ਕਿਸੇ ਇੱਕ ਨੂੰ ਚੁਣਨ ਦਾ ਬਦਲ ਹੈ। ਦੇਸ਼ ਵਿੱਚ ਵਿਆਪਕ ਵਿਰੋਧ ਪ੍ਰਦਰਸ਼ਨਾਂ ਦੇ ਦੌਰਾਨ ਸੀ ਏ ਏ ਦਸੰਬਰ ਵਿੱਚ ਲਾਗੂ ਹੋ ਗਿਆ। ਸ਼ਸ਼ੀ ਥਰੂਰ ਨੇ ਕਿਹਾ ਕਿ ਸੀ ਏ ਏ ਵਿੱਚ ਕਿਸੇ ਵੀ ਧਰਮ ਨੂੰ ਰਾਸ਼ਟਰੀਅਤਾ ਦਾ ਆਧਾਰ ਬਣਾਉਣ ਦਾ ਜਿੱਨਾਹ ਦਾ ਤਰਕ ਅਪਣਾਇਆ ਗਿਆ ਹੈ, ਉਥੇ ਗਾਂਧੀ ਦਾ ਵਿਚਾਰ ਇਹ ਸੀ ਕਿ ਸਾਰੇ ਧਰਮ ਬਰਾਬਰ ਹਨ। ਉਨ੍ਹਾਂ ਨੇ ਕਿਹਾ, ਸੀ ਏ ਏ ਬਾਰੇ ਤੁਸੀਂ ਕਹਿ ਸਕਦੇ ਹੋ ਕਿ ਇੱਕ ਕਦਮ ਜਿੱਨਾਹ ਵੱਲ ਲੈ ਜਾਏਗਾ, ਪਰ ਅਗਲਾ ਕਦਮ ਜੇ ਐੱਨ ਪੀ ਆਰ ਅਤੇ ਐੱਨ ਆਰ ਸੀ ਹੋਵੇਗਾ।

## ਸੀ ਏ ਏ ਵਿਰੁੱਧ ਪ੍ਰਦਰਸ਼ਨਾਂ ਤੋਂ ਪਹਿਲਾਂ 73 ਬੈਂਕ ਖਾਤਿਆਂ ਵਿੱਚ ਪੀ ਐੱਫ ਆਈ ਨੇ ਇੱਕ ਕਰੋੜ ਭੇਜੇ




ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦਾ ਦਾਅਵਾ ਹੈ ਕਿ ਉਤਰ ਪ੍ਰਦੇਸ਼ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਖਿਲਾਫ ਹੋਏ ਹਿੰਸਕ ਪ੍ਰਦਰਸ਼ਨਾਂ ਦੇ ਕੇਰਲ ਦੇ ਸੰਗਠਨ ਪੀ ਐੱਫ ਆਈ ਦੇ ਨਾਲ ਆਰਥਿਕ ਤਾਰ ਜੁੜੇ ਨਿਕਲੇ ਸਨ।

ਜਾਣਕਾਰ ਸੂਤਰਾਂ ਨੇ ਕੱਲ੍ਹ ਕਿਹਾ ਕਿ ਈ ਡੀ ਵੱਲੋਂ ਪਾਪੁਲਰ ਫਰੰਟ ਆਫ ਇੰਡੀਆ (ਪੀ ਐੱਫ ਆਈ) ਦੀ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੇ ਤਹਿਤ 2018 ਤੋਂ ਚੱਲ ਰਹੀ ਜਾਂਚ ਵਿੱਚ ਇਹ ਖੁਲਾਸਾ ਹੋਇਆ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਇਸ ਸੰਗਠਨ ਨਾਲ ਜੁੜੇ ਕਰੀਬ 73 ਬੈਂਕ ਖਾਤਿਆਂ ਵਿੱਚ ਪਿਛਲੇ ਸਾਲ ਚਾਰ ਦਸੰਬਰ ਤੋਂ ਇਸ ਸਾਲ ਛੇ ਜਨਵਰੀ ਦੌਰਾਨ ਘੱਟੋ-ਘੱਟ 1.04 ਕਰੋੜ ਰੁਪਏ ਜਮ੍ਹਾਂ ਕੀਤੇ ਗਏ। ਇਨਾਂ ਵਿੱਚ ਯੂ ਪੀ ਦੇ ਖਾਤੇ ਵੱਧ ਗਿਣਤੀ ਵਿੱਚ ਦੱਸੇ ਗਏ ਹਨ। ਇਸੇ ਦੌਰਾਨ ਪਾਰਲੀਮੈਂਟ ਨੇ ਪਾਕਿਸਤਾਨ, ਬੰਗਲਾ ਦੇਸ਼ ਤੇ ਅਫਗਾਨਿਸਤਾਨ ਵਿੱਚ ਧਾਰਮਿਕ ਆਧਾਰ 'ਤੇ ਜ਼ੁਲਮ ਸਹਿਣ ਵਾਲੇ ਗੈਰ ਮੁਸਲਿਮ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਦੇ ਨਿਯਮ ਦਾ ਬਿੱਲ ਪਾਸ ਕੀਤਾ। ਗ੍ਰਹਿ ਮੰਤਰਾਲੇ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੂਤਰਾਂ ਨੇ ਦੱਸਿਆ ਕਿ ਪੀ ਐੱਫ ਆਈ ਨਾਲ ਜੁੜੇ ਬੈਂਕ ਖਾਤਿਆਂ ਵਿੱਚ ਜਮ੍ਹਾ ਹੋਏ 120 ਕਰੋੜ ਰੁਪਏ ਈ ਡੀ ਦੀ ਜਾਂਚ ਦੇ ਘੇਰੇ ਵਿੱਚ ਹਨ।

ਇਸ ਦੌਰਾਨ ਕਾਂਗਰਸੀ ਨੇਤਾ ਅਤੇ ਸੁਪਰੀਮ ਕੋਰਟ ਦੇ ਵਕੀਲ ਕਪਿਲ ਸਿੱਬਲ, ਦੁਸ਼ਿਅੰਤ ਦਵੇ ਅਤੇ ਇੰਦਰਾ ਜੈਸਿੰਘ ਨੇ ਸੀ ਏ ਏ ਵਿਰੋਧੀ ਪ੍ਰਦਰਸ਼ਨਾਂ ਦੇ ਸੰਬੰਧ ਵਿੱਚ ਪਾਪੁਲਰ ਫਰੰਟ ਆਫ ਇੰਡੀਆ (ਪੀ ਐੱਫ ਆਈ) ਤੋਂ ਪੈਸੇ ਮਿਲਣ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਕਪਿਲ ਸਿੱਬਲ ਨੇ ਕਿਹਾ ਕਿ ਹਦਿਆ ਕੇਸ ਵਿੱਚ ਸੁਪਰੀਮ ਕੋਰਟ ਵਿੱਚ ਮੈਂ ਹਦਿਆ ਦੀ ਵਕਾਲਤ ਕੀਤੀ ਸੀ। ਸ਼ਫੀਨ ਜਹਾਂ ਨੇ ਹਦਿਆ ਨਾਲ ਵਿਆਹ ਕੀਤਾ ਸੀ। ਹਦਿਆ ਨੇ ਧਰਮ ਪਰਿਵਰਤਨ ਕੀਤਾ ਸੀ। ਕੇਸ ਅਦਾਲਤ ਵਿੱਚ ਗਿਆ। ਪੀ ਐੱਫ ਆਈ ਨੇ ਹਦਿਆ ਲਈ ਕਾਨੂੰਨੀ ਲੜਾਈ ਲੜੀ। ਸੱਤ ਮੌਕਿਆਂ 'ਤੇ ਮੈਂ ਹਦਿਆ ਦੀ ਪੈਰਵੀ ਕੀਤੀ ਅਤੇ ਅਸੀਂ ਕੇਸ ਜਿੱਤੇ ਸਾਂ।

# ਅਮਰੀਕੀ ਰਿਪੋਰਟ ਮੁਤਾਬਕ ਭਾਰਤ ਵਿੱਚ ਚਾਈਲਡ ਪੋਰਨੋਗ੍ਰਾਫੀ ਦੇ 25 ਹਜ਼ਾਰ ਕੇਸ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਅਮਰੀਕਾ ਨੇ ਭਾਰਤ ਨੂੰ ਚਾਈਲਡ ਪੋਰਨੋਗ੍ਰਾਫੀ ਨਾਲ ਜੁੜਦੇ ਹੋਸ਼ ਉਡਾ ਦੇਣ ਵਾਲੇ ਅੰਕੜੇ ਸੌਂਪੇ ਹਨ। ਭਾਰਤ ਨਾਲ ਸਾਂਝੀ ਕੀਤੀ ਰਿਪੋਰਟ ਅਨੁਸਾਰ ਭਾਰਤ ਵਿੱਚ ਪਿਛਲੇ 5 ਮਹੀਨਿਆਂ ਵਿੱਚ 25 ਹਜ਼ਾਰ ਤੋਂ ਵੱਧ ਚਾਈਲਡ ਪੋਰਨੋਗ੍ਰਾਫੀ ਮਟੀਰੀਅਲ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਜ਼ ਉੱਤੇ ਅਪਲੋਡ ਕੀਤੇ ਗਏ ਹਨ। ਇਹ ਡਾਟਾ ਅਮਰੀਕਾ ਦੇ ਨੈਸ਼ਨਲ ਸੈਂਟਰ ਫਾਰ ਮਿਸਿੰਗ ਐਂਡ ਐਕਸਪਲਾਈਟੇਡ ਚਿਲਡਰਨ (ਐੱਮ ਸੀ ਐੱਮ ਈ ਸੀ) ਨੇ ਭਾਰਤ ਦੇ ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਨੂੰ ਦਿੱਤਾ ਹੈ।

ਵਰਨਣ ਯੋਗ ਹੈ ਕਿ ਭਾਰਤ ਅਤੇ ਅਮਰੀਕਾ ਨੇ ਇਹ ਡਾਟਾ ਸ਼ੇਅਰ ਕਰਨ ਲਈ ਪਿਛਲੇ ਸਾਲ ਸਮਝੌਤਾ ਕੀਤਾ ਸੀ। ਇਕ ਨਿਊਜ਼ ਚੈਨਲ ਦੀ ਰਿਪੋਰਟ ਅਨੁਸਾਰ ਸਭ ਤੋਂ ਵਧ ਕੇਸ ਰਾਜਧਾਨੀ ਦਿੱਲੀ ਦੇ ਹਨ। ਇਸ ਪਿੱਛੋਂ ਮਹਾਰਾਸ਼ਟਰ, ਗੁਜਰਾਤ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਵਿੱਚ ਚਾਈਲਡ ਸੈਕਸ਼ੁਅਲ ਅਬਊਜ਼ ਮਟੀਰੀਅਲ ਸੋਸ਼ਲ ਮੀਡੀਆ ਉੱਤੇ ਅਪਲੋਡ ਕੀਤਾ ਜਾਂਦਾ ਹੈ। ਹਰ ਰਾਜ ਦੇ ਅੰਕੜੇ ਵੱਖਰੇ ਨਹੀਂ ਮਿਲੇ, ਪਰ ਸੂਤਰਾਂ ਮੁਤਾਬਕ ਮਹਾਰਾਸ਼ਟਰ ਵਿੱਚ ਅਜਿਹੇ ਕਰੀਬ 1700 ਕੇਸ ਸਾਈਬਰ ਯੂਨਿਟ ਨੂੰ ਭੇਜੇ ਗਏ ਹਨ, ਬਾਕੀ ਰਾਜਾਂ ਵਿੱਚ ਵੀ ਲਗਭਗ ਇਹੋ ਹਾਲ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਐੱਮ



ਸੀ ਐੱਮ ਈ ਸੀ ਦੀ ਰਿਪੋਰਟ ਪਿੱਛੋਂ ਬਾਅਦ ਦੇਸ਼ ਵਿੱਚ ਗ੍ਰਿਫਤਾਰੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਐੱਮ ਸੀ ਐੱਮ ਈ ਸੀ ਨਾਲ ਪਿਛਲੇ ਸਾਲ ਸਮਝੌਤਾ ਕੀਤਾ ਗਿਆ ਸੀ, ਜਿਸ ਤੋਂ ਭਾਰਤ ਨੂੰ ਇਹ ਰਿਪੋਰਟਾਂ ਮਿਲੀਆਂ ਹਨ। 23 ਜਨਵਰੀ ਤੱਕ ਪਿਛਲੇ 5 ਮਹੀਨਿਆਂ ਵਿੱਚ ਅਜਿਹੇ 25 ਹਜ਼ਾਰ ਕੇਸ ਨਿਕਲੇ ਹਨ।

ਇਸ ਬਾਰੇ ਮਹਾਰਾਸ਼ਟਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਏਦਾਂ ਦਾ ਡਾਟਾ ਸ਼ੇਅਰ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਇਹ ਜਾਣਕਾਰੀ ਸੰਬੰਧਤ ਇਲਾਕਿਆਂ ਨੂੰ ਭੇਜੀ ਗਈ ਹੈ। ਹਾਲੇ ਤੱਕ 7 ਕੇਸ ਦਰਜ ਕੀਤੇ ਗਏ ਹਨ ਅਤੇ ਬਾਕੀ ਹੋਣੇ ਹਨ। ਉਨ੍ਹਾਂ ਦੱਸਿਆ ਕਿ ਮੁੰਬਈ, ਠਾਣੇ ਅਤੇ ਪੁਣੇ ਵਿੱਚ ਅਜਿਹੇ ਸਭ ਤੋਂ ਵਧ ਕੇਸ ਪਤਾ ਲੱਗੇ ਹਨ। ਮੁੰਬਈ ਵਿੱਚ ਕਰੀਬ 500 ਕੇਸ ਹਨ। ਦਿੱਲੀ, ਗੁਜਰਾਤ ਅਤੇ ਕੇਰਲ ਇਹ ਅੰਕੜੇ ਹਾਸਲ ਕਰਨ ਤੋਂ ਬਾਅਦ ਕਾਰਵਾਈ ਕਰ ਚੁਕੇ ਹਨ। ਇਹ ਜਾਣਕਾਰੀ ਦੇਣ ਲਈ ਸੂਹੀਆਂ, ਇੰਟਰਨੈੱਟ ਸਰਵਿਸ ਪ੍ਰੋਵਾਈਡਰਜ਼ ਅਤੇ ਸਾਫਟਵੇਅਰ ਤੱਕ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਨਿਊਡਿਟੀ ਤੇ ਬੱਚੇ ਦੇ ਚਿਹਰੇ ਉੱਤੇ ਦਿੱਸਣ ਵਾਲੇ ਐਕਸਪ੍ਰੈਸ਼ਨਜ਼ ਮਗਰੋਂ ਵੀਡੀਓ ਨੂੰ ਜਾਂਚ ਲਈ ਫਾਰਵਰਡ ਕਰਦੇ ਹਨ। ਵਰਨਣ ਯੋਗ ਹੈ ਕਿ ਪ੍ਰੋਟੈਕਸ਼ਨ ਆਫ ਚਿਲਡਰਨ ਫ੍ਰਾਮ ਸੈਕਸ਼ੁਅਲ ਆਫੇਂਸੇਜ (ਪੋਕਸੋ) ਦੇ ਨਵੇਂ ਕਾਨੂੰਨ ਵਿੱਚ ਚਾਈਲਡ ਪੋਰਨੋਗ੍ਰਾਫੀ ਅਧੀਨ ਫੋਟੋ, ਵੀਡੀਓ, ਡਿਜੀਟਲ ਜਾਂ ਕੰਪਿਊਟਰ ਨਾਲ ਬਣਾਈ ਤਸਵੀਰ, ਜੋ ਅਸਲੀ ਬੱਚੇ ਵਰਗੀ ਹੋਵੇ ਜਾਂ ਅਜਿਹੀ ਤਸਵੀਰ ਜਿਸ ਨੂੰ ਬਣਾਇਆ ਗਿਆ ਹੋਵੇ, ਅਡੈਪਟ ਜਾਂ ਮੋਡੀਫਾਈ ਕੀਤਾ ਹੋਵੇ, ਪਰ ਬੱਚੇ ਵਰਗੀ ਲੱਗੇ, ਇਹ ਸਭ ਜੁਰਮ ਹੈ।

# ਅਮਰੀਕੀ ਦੂਤਘਰ ਦੀ ਕਾਰ ਨਾਲ ਟੱਕਰ ਵਿੱਚ ਇੱਕ ਜਣੇ ਦੀ ਮੌਤ



ਇਸਲਾਮਾਬਾਦ, 28 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿਚ ਅਮਰੀਕੀ ਦੂਤਘਰ ਦੀ ਇੱਕ ਕਾਰ ਨੇ ਦੂਜੀ ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਕਾਰ ਸਵਾਰ ਇੱਕ ਔਰਤ ਦੀ ਮੌਤ ਹੋ ਗਈ ਅਤੇ ਉਸ ਦੇ ਪਰਵਾਰ ਦੇ ਪੰਜ ਮੈਂਬਰ ਜ਼ਖਮੀ ਹੋ ਗਏ। ਪਾਕਿਸਤਾਨ ਵਿੱਚ ਅਮਰੀਕੀ ਦੂਤਘਰ ਦੇ ਵਾਹਨਾਂ ਨਾਲ ਪਹਿਲਾਂ ਵੀ ਕਈ ਹਾਦਸੇ ਹੋ ਚੁੱਕੇ ਹਨ ਜਿਨ੍ਹਾਂ ਨੂੰ ਲੈ ਕੇ ਦੋਵਾਂ ਦੇਸ਼ਾਂ ਨੂੰ ਕੂਟਨੀਤਕ ਤਣਾਅ ਦੇਖਣ ਨੂੰ ਮਿ-ਲਿਆ ਸੀ।

ਐਕਸਪ੍ਰੈਸ ਟ੍ਰਿਬਿਊਨ ਅਖਬਾਰ ਦੇ ਅਨੁਸਾਰ ਇਹ ਹਾਦਸਾ ਐਤਵਾਰ ਨੂੰ ਇਸਲਾਮਾਬਾਦ ਦੀ ਮਾਰਗਲਾ ਸੜਕ 'ਤੇ ਹੋਇਆ। ਅਮਰੀਕੀ ਦੂਤਘਰ ਦੀ ਟੋਇਟਾ ਲੈਂਡ ਕਰੂਜ਼ਰ ਨੇ ਸੁਜ਼ੂਕੀ ਖੈਬਰ ਕਾਰ ਵਿੱਚ ਪਿੱਛਿਓਂ ਟੱਕਰ ਮਾਰ ਦਿੱਤੀ। ਕਾਰ ਸਵਾਰ ਨਾਦੀਆ ਨਾਂਅ ਦੀ ਔਰਤ ਦੀ ਮੌਕੇ 'ਤੇ ਮੌਤ ਹੋ ਗਈ। ਜ਼ਖਮੀਆਂ ਨੂੰ ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਹਸਪਤਾਲ ਭਰਤੀ ਕਰਾਇਆ ਗਿਆ ਹੈ। ਇੱਕ ਜ਼ਖਮੀ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਪੁਲਸ ਨੇ ਕਿਹਾ ਕਿ ਏਦਾਂ ਲੱਗਦਾ ਹੈ ਕਿ ਹਾਦਸੇ ਵਿੱਚ ਸ਼ਾਮਲ ਕਾਰਾਂ ਵਿੱਚੋਂ ਇੱਕ ਨੇ ਰੈੱਡ ਲਾਈਟ ਜੰਪ ਕੀਤੀ ਸੀ। ਦੂਤਘਰ ਦੀ ਕਾਰ ਦੇ ਪਾਕਿਸਤਾਨੀ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪਹਿਲਾਂ ਫਰਵਰੀ 2013 ਵਿੱਚ ਅਮਰੀਕੀ ਦੂਤਘਰ ਦੀ ਐੱਸ ਯੂ ਵੀ ਕਾਰ ਨੇ ਇੱਕ ਬਾਈਕ ਵਿੱਚ ਟੱਕਰ ਮਾਰੀ ਸੀ। ਇਸ ਵਿੱਚ ਬਾਈਕ ਸਵਾਰ ਦੀ ਮੌਤ ਹੋ ਗਈ ਸੀ ਤੇ ਦੂਜਾ ਜ਼ਖਮੀ ਹੋ ਗਿਆ ਸੀ। ਇਹ ਕਾਰ ਦੂਤਘਰ ਦਾ ਪ੍ਰਸ਼ਾਸਨਿਕ ਅਧਿਕਾਰੀ ਚਲਾ ਰਿਹਾ ਸੀ। ਇਸ ਤਰ੍ਹਾਂ ਦਾ ਹਾਦਸਾ ਅਪ੍ਰੈਲ 2018 ਵਿੱਚ ਹੋਇਆ ਸੀ ਉਦੋਂ ਅਮਰੀਕੀ ਦੂਤਘਰ ਦੀ ਕਾਰ ਨਾਲ ਮੋਟਰ ਸਾਈਕਲ ਦੀ ਟੱਕਰ 'ਚ ਨੌਜਵਾਨ ਦੀ ਮੌਤ ਹੋਈ ਸੀ।

# ਪਾਕਿਸਤਾਨ ਵਿੱਚ ਪਸ਼ਤੂਨ ਨੇਤਾ ਮਨਜ਼ੂਰ ਪਸ਼ਤੀਨ ਦੇਸ਼-ਧ੍ਰੋਹ ਦੇ ਦੋਸ਼ 'ਚ ਗ੍ਰਿਫ਼ਤਾਰ

ਲਾਹੌਰ, 28 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ 'ਚ ਪਸ਼ਤੂਨ ਨਾਗਰਿਕਾਂ ਦੀ ਵਕਾਲਤ ਕਰਨ ਵਾਲੇ ਇੱਕ ਸੰਗਠਨ ਪਸ਼ਤੂਨ ਤਹਿਫੂਜ਼ ਮੂਵਮੈਂਟ ਦੇ ਮੁਖੀ ਮਨਜ਼ੂਰ ਪਸ਼ਤੀਨ ਨੂੰ ਕੱਲ੍ਹ ਸਵੇਰੇ ਪਿਸ਼ਾਵਰ ਦੇ ਸ਼ਾਹੀਨ ਟਾਊਨ ਤੋਂ ਗ੍ਰਿਫ਼ਤਾਰ ਕਰ ਲਿਆ ਤੇ ਪਿਸ਼ਾਵਰ ਦੀ ਇੱਕ ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ 'ਚ ਜੇਲ੍ਹ ਭੇਜ ਦਿੱਤਾ ਹੈ। ਮਨਜ਼ੂਰ ਪਸ਼ਤੀਨ ਅਤੇ ਉਨ੍ਹਾਂ ਦੇ ਸੈਂਕੜੇ ਸਮਾਰਥਕਾਂ 'ਤੇ ਦੇਸ਼-ਧ੍ਰੋਹ ਦਾ ਦੋਸ ਲਾਇਆ ਗਿਆ ਹੈ।



ਸੂਬਾ ਖ਼ੈਬਰ ਪਖਤੂਨਖਵਾ 'ਚ ਬਹੁਤ ਪ੍ਰਸਿੱਧੀ ਪ੍ਰਾਪਤ ਪਸ਼ਤੂਨ ਤਹਿਫੂਜ਼ ਅੰਦੋਲਨ ਦੇ ਮੁੱਖੀ ਪਸ਼ਤੀਨ ਪਿਛਲੇ ਲੰਬੇ ਸਮੇਂ ਤੋਂ ਪਾਕਿਸਤਾਨੀ ਫ਼ੌਜ ਵੱਲੋਂ ਪਸ਼ਤੂਨਾਂ ਖ਼ਿਲਾਫ਼ ਕੀਤੀਆਂ ਜਾਂਦੀਆਂ ਵਧੀਕੀਆਂ ਅਤੇ ਗ਼ੈਰ-ਕਾਨੂੰਨੀ ਮੁਕਾਬਲਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੇ ਆਏ ਹਨ। ਪੁਲਸ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਹੈ ਕਿ ਪਸ਼ਤੀਨ ਖ਼ਿਲਾਫ਼ ਡੇਰਾ ਇਸਮਾਈਲ ਖ਼ਾਨ ਦੇ ਸਿਟੀ ਥਾਣੇ ਵਿਖੇ 18 ਜਨਵਰੀ ਨੂੰ ਕੇਸ ਦਰਜ ਕੀਤਾ ਗਿਆ ਸੀ ਤੇ ਉਸ 'ਤੇ ਦੇਸ਼ ਧ੍ਰੋਹ, ਦੇਸ਼ ਦੀ ਪ੍ਰਭੂਸੱਤਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਸਮੇਤ ਕਈ ਗੰਭੀਰ ਦੋਸ਼ ਲਾਏ ਗਏ ਹਨ। ਪਸ਼ਤੀਨ ਦੇ ਖ਼ਿਲਾਫ਼ ਦਰਜ ਕੀਤੇ ਗਏ ਕੇਸ ਮੁਤਾਬਕ ਉਸ ਨੇ ਡੇਰਾ ਇਸਮਾਈਲ ਖ਼ਾਨ ਵਿਖੇ ਇੱਕ ਇਕੱਠ ਵਿੱਚ ਭਾਸ਼ਣ ਦੇਂਦੇ ਹੋਏ ਪਾਕਿਸਤਾਨ ਵਿਰੁੱਧ ਅਪਮਾਨ ਜਨਕ ਟਿੱਪਣੀਆਂ ਕੀਤੀਆਂ ਸਨ, ਜਿਹੜੀਆਂ ਦੇਸ਼ ਧਰੋਹ ਦੇ ਬਰਾਬਰ ਹਨ।

# ਹਰਿਆਣਾ ਦੇ ਮੰਤਰੀ ਦੀ ਮਿਹਰਬਾਨੀ ਨਾਲ ਹਨੀਪ੍ਰੀਤ ਪੰਜਵੀਂ ਵਾਰ ਡੇਰਾ ਮੁਖੀ ਨੂੰ ਮਿਲੀ

ਚੰਡੀਗੜ੍ਹ, 28 ਜਨਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਦੇ ਮੁਖੀ ਦੀ ਕਰੀਬੀ ਹਨੀਪ੍ਰੀਤ ਨਾਲ ਮੁਲਾਕਾਤਾਂ ਦਾ ਸਿਲਸਿਲਾ ਅੱਜ ਕੱਲ੍ਹ ਵਧਦਾ ਜਾ ਰਿਹਾ ਹੈ। ਕੱਲ੍ਹ ਰੋਹਤਕ ਦੀ ਸੁਨਾਰੀਆਂ ਜੇਲ੍ਹ ਵਿੱਚ ਹਨੀਪ੍ਰੀਤ ਉਸ ਨੂੰ ਮਿਲਣ ਲਈ ਪੰਜਵੀਂ ਵਾਰ ਪੁੱਜੀ। ਦੋਵਾਂ ਵਿਚਾਲੇ ਕਰੀਬ 20 ਮਿੰਟ ਮੁਲਾਕਾਤ ਹੋਈ।

ਵਰਨਣ ਯੋਗ ਹੈ ਕਿ ਜੇਲ੍ਹ 'ਚੋਂ ਜ਼ਮਾਨਤ 'ਤੇ ਆਈ ਹਨੀਪ੍ਰੀਤ ਨੇ ਕੁਝ ਹੀ ਦਿਨਾਂ ਵਿੱਚ ਡੇਰਾ ਮੁਖੀ ਨਾਲ ਪੰਜਵੀਂ ਵਾਰ ਮੁਲਾਕਾਤ ਕੀਤੀ ਹੈ। ਡੇਰਾ ਮੁਖੀ ਰਾਮ ਰਹੀਮ ਦੋ ਸਾਧਵੀਆਂ ਨਾਲ ਬਲਾਤਕਾਰ ਅਤੇ ਸਿਰਸਾ ਦੇ ਇੱਕ ਪੱਤਰਕਾਰ ਰਾਮਚੰ-ਦਰ ਛੱਤਰਪਤੀ ਦੇ ਕਤਲ ਕੇਸ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਕੱਟ ਰਿਹਾ ਸੀ। ਪੰਚਕੂਲਾ 'ਚ ਹਿੰਸਾ ਅਤੇ ਅਗਜਨੀ ਦੇ ਕੇਸ ਵਿੱਚ ਹਨੀਪ੍ਰੀਤ ਲੰਬੇ ਸਮੇਂ ਤੋਂ ਅੰਬਾਲਾ ਜੇਲ੍ਹ ਵਿੱਚ ਬੰਦ ਸੀ। ਹਨੀਪ੍ਰੀਤ ਤੋਂ ਦੇਸ਼ ਧਰੋਹ ਅਤੇ ਹੋਰ ਧਾਰਾਵਾਂ ਹਟ ਜਾਣ ਮਗਰੋਂ ਬੀਤੇ ਸਾਲ ਛੇ ਨਵੰਬਰ ਨੂੰ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾਅ ਹੋਈ ਸੀ। ਉਦੋਂ ਤੋਂ ਉਹ ਸਿਰਸਾ ਡੇਰੇ ਵਿੱਚ ਰਹਿ ਰਹੀ ਹੈ। ਡੇਰਾ ਮੁਖੀ ਨਾਲ ਮੁਲਾਕਾਤ ਕਰਨ ਵਾਲਿਆਂ ਦੀ ਸੂਚੀ ਵਿੱਚ ਪਰਵਾਰਕ ਮੈਂਬਰ ਵੀ ਸ਼ਾਮਲ ਹਨ। ਚਰਚਾ ਇਹ ਛਿੜੀ ਹੋਈ ਹੈ ਕਿ ਡੇਰੇ ਦੇ ਪ੍ਰਬੰਧ ਬਾਰੇ ਰੌਲਾ ਪਿਆ ਹੋਇਆ ਹੈ, ਇਸ ਲਈ ਮੁਲਾਕਾਤਾਂ ਦਾ ਦੌਰ ਚੱਲ ਰਿਹਾ ਹੈ। ਦੂਜੇ ਪਾਸੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਹਨੀਪ੍ਰੀਤ ਤੇ ਡੇਰਾ ਮੁਖੀ ਦੀਆਂ ਇਨ੍ਹਾਂ ਧੜਾਧੜ ਹੋ ਰਹੀਆਂ ਮੁਲਾਕਾਤਾਂ ਪਿੱਛੇ ਹਰਿਆਣਾ ਦੇ ਇੱਕ ਮੰਤਰੀ ਦੀ ਮਿਹਰਬਾਨੀ ਹੈ।

# ਸਮਲਿੰਗੀਆਂ ਵਿਰੁੱਧ ਬਿਆਨ ਉੱਤੇ ਨਵਰਾਤੀਲੋਵਾ ਤੇ ਮੈਕੇਨਰੋ ਨੇ ਮਾਰਗ੍ਰੇਟ ਕੋਰਟ ਦੀ ਆਲੋਚਨਾ ਕੀਤੀ

ਮੈਲਬੋਰਨ, 28 ਜਨਵਰੀ (ਪੋਸਟ ਬਿਊਰੋ)- ਮਾਰਟਿਨਾ ਨਵਰਾਤੀਲੋਵਾ ਤੇ ਜਾਨ ਮੈਕੇਨਰੋ ਵਰਗੇ ਟੈਨਿਸ ਖਿਡਾਰੀਆਂ ਨੇ ਮਾਰਗ੍ਰੇਟ ਕੋਰਟ ਦੀ ਉਸ ਬਿਆਨ ਦੀ ਆਲੋਚਨਾ ਕੀਤੀ ਹੈ, ਜਿਸ ਵਿੱਚ ਸਭ ਤੋਂ ਵੱਧ 24 ਗ੍ਰੈਂਡ ਸਲੈਮ ਜਿੱਤ ਚੁੱਕੀ ਇਸ ਖਿਡਾਰਣ ਦੀ ਸਮਲਿੰਗਤਾ ਦੇ ਵਿਰੁੱਧ ਵਿਚਾਰ ਪ੍ਰਗਟ ਕੀਤੇ ਸਨ।



ਮਾਗਗ੍ਰੇਟ ਕੋਰਟ ਨੇ 1970 ਵਿੱਚ ਕੈਲੰਡਰ ਸਾਲ ਵਿੱਚ ਚਾਰੇ ਗ੍ਰੈਂਡ ਸਲੈਮ ਖਿਤਾਬ ਆਪਣੇ ਨਾਂਅ ਕੀਤੇ ਸਨ, ਜਿਸ ਦੇ ਪੰਜਾਹ ਸਾਲ ਪੂਰੇ ਹੋਣ ਦੇ ਮੌਕੇ ਉਸ ਨੂੰ ਸਨਮਾਨਿਤ ਕਰਨ ਲਈ ਮਾਰਗ੍ਰੇਟ ਕੋਰਟ ਦੇ ਕੰਪਲੈਕਸ ਵਿੱਚ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ, ਜਿੱਥੇ ਉਸ ਨੂੰ ਆਸਟਰੇਲੀਅਨ ਓਪਨ ਟਰਾਫੀ ਭੇਟ ਕੀਤੀ ਗਈ। ਇਸ ਦੌਰਾਨ 77 ਸਾਲ ਦੀ ਕੋਰਟ ਨੇ ਕਿਹਾ, ਮੇਰੇ ਵਿੱਚ ਤੁਸੀਂ ਜਿਹੋ ਜਿਹਾ ਵੇਖੋਗੇ, ਉਸ ਤਰ੍ਹਾਂ ਦਾ ਵਾਪਸ ਮਿਲੇਗਾ।

ਇੱਕ ਚਰਚਾ ਦੀ ਪਾਦਰੀ ਬਣਾਈ ਜਾ ਚੁੱਕੀ ਕੋਰਟ ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਦੀ ਨਸਲਵਾਦੀ ਨੀਤੀ ਦਾ ਸਮਰਥਨ ਕਰ ਚੁੱਕੀ ਹੈ ਅਤੇ 'ਟੈਨਿਸ ਸਮਲਿੰਗੀਆਂ ਨਾਲ ਭਰੀ ਹੈ' ਵਰਗੇ ਬਿਆਨ ਦੇਣ ਦੇ ਨਾਲ ਉਸ ਨੇ ਟ੍ਰਾਂਸਜੈਂਡਰ ਦੇ ਬੱਚਿਆਂ ਨੂੰ 'ਸ਼ੈਤਾਨ ਦੀ ਦੇਣ' ਕਰਾਰ ਦਿੱਤਾ। ਨਵਰਾਤੀਲੋਵਾ ਨੇ ਕਿਹਾ ਕਿ ਉਸ ਦੇ ਇਸ ਤਰ੍ਹਾਂ ਦੇ ਵਿਚਾਰਾਂ ਨਾਲ ਲੋਕਾਂ ਨੂੰ ਦੁੱਖ ਹੋਇਆ ਹੈ, ਜਦ ਕਿ ਅਮਰੀਕੀ ਧਾਕੜ ਮੈਕੇਨਰੋ ਨੇ ਉਸ ਲਈ 'ਕ੍ਰੇਜ਼ੀ ਆਂਟੀ' (ਪਾਗਲ ਚਾਚੀ) ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਮੈਕੇਨਰੋ ਨੇ ਕਿਹਾ, ਮਾਰਗ੍ਰੇਟ ਕੋਰਟ ਦੀਆਂ ਪ੍ਰਾਪਤੀਆਂ ਦੀ ਸੂਚੀ ਵਿੱਚ ਸਿਰਫ ਇੱਕ ਚੀਜ਼ ਲੰਬੀ ਹੈ ਤੇ ਉਹ ਹੈ ਸਮਲਿੰਗਤਾ ਦੇ ਵਿਰੁੱਧ ਉਸ ਦੇ ਬਿਆਨ। ਸੱਤ ਵਾਰ ਗ੍ਰੈਂਡ ਸਲੈਮ ਜੇਤੂ ਨੇ ਕਿਹਾ, ਮਾਰਗ੍ਰੇਟ ਕੋਰਟ ਬਾਈਬਲ ਦਾ ਗਲਤ ਇਸਤੇਮਾਲ ਕਰ ਕੇ ਚੀਜ਼ਾਂ ਨੂੰ ਆਪਣੇ ਤਰੀਕੇ ਨਾਲ ਪੇਸ਼ ਕਰਦੀ ਹੈ। ਡਬਲਯੂ ਟੀ ਏ ਦੇ ਮੋਢੀ ਬਿਲੀ ਜੀਨ ਕਿੰਗ ਨੇ ਕੋਰਟ ਦੇ ਨਾਂਅ ਵਿੱਚ ਮੈਲਬੋਰਨ ਵਿੱਚ ਬਣੇ ਮਾਰਗ੍ਰੇਟ ਕੋਰਟ ਕੰਪਲੈਕਸ ਦਾ ਨਾਂਅ ਬਦਲਣ ਦੀ ਮੰਗ ਕੀਤੀ ਹੈ, ਜਿਸ ਦਾ ਨਵਰਾਤੀਲੋਵਾ ਨੇ ਸਮਰਥਨ ਕੀਤਾ ਹੈ। ਨਵਰਾਤੀਲੋਵਾ ਨੇ ਕਿਹਾ, ਇਹ ਕਾਫੀ ਮੰਦਭਾਗਾ ਹੈ ਕਿ ਕੋਰਟ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਹੈ ਕਿ ਉਹ ਆਪਣੇ ਬਿਆਨਾਂ ਨਾਲ ਕਿੰਨੇ ਲੋਕਾਂ ਨੂੰ ਦੁੱਖ ਪਹੁੰਚਾ ਰਹੀ ਹੈ।

# ਬਿਲੀ ਏਲਿਸ਼ ਨੇ ਪੰਜ ਗ੍ਰੈਮੀ ਐਵਾਰਡ ਜਿੱਤੇ

ਲਾਸ ਏਂਜਲਸ , 28 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਲਾਸ ਏਂਜਲਸ ਸ਼ਹਿਰ ਵਿੱਚ ਐਤਵਾਰ ਦੇਰ ਰਾਤ ਦਿੱਤੇ ਗਏ 62ਵੇਂ ਗ੍ਰੈਮੀ ਐਵਾਰਡ ਵਿੱਚ 18 ਸਾਲਾ ਗਾਇਕਾ ਬਿਲੀ ਏਲਿਸ਼ ਨੇ ਪੰਜ ਇਨਾਮ ਜਿੱਤੇ। ਉਸ ਨੂੰ ਛੇ ਸ਼੍ਰੇਣੀਆਂ ਵਿੱਚ ਨਾਮਜ਼ਦਗੀ ਮਿਲੀ ਸੀ। ਬਿਲੀ ਇਸ ਵਾਰ ਐਵਾਰਡ ਜਿੱਤਣ ਵਾਲੀ ਸਭ ਤੋਂ ਨੌਜਵਾਨ ਗਾਇਕਾ ਹੈ।



ਸਭ ਤੋਂ ਵੱਧ ਅੱਠ ਸ਼੍ਰੇਣੀਆਂ ਵਿੱਚ ਨਾਮਜ਼ਦ ਲਿਜੋ ਨੂੰ 'ਟਰੁੱਥ ਹਟਰਸ' ਲਈ ਬੈਸਟ ਪੌਪ ਸੋਲੋ ਪਰਫਾਰਮੈਂਸ ਸਣੇ ਤਿੰਨ ਐਵਾਰਡ ਮਿਲੇ। ਅਮਰੀਕਾ ਵਿੱਚ ਹਰ ਸਾਲ ਦਿੱਤੇ ਜਾਣ ਵਾਲੇ ਗ੍ਰੈਮੀ ਐਵਾਰਡਜ਼ ਮੁੱਖ ਰੂਪ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਸੰਗੀਤ ਦੇ ਖੇਤਰ ਵਿੱਚ ਬਿਹਤਰੀਨ ਉਪਲਬਧੀਆਂ ਲਈ ਦਿੱਤੇ ਜਾਂਦੇ ਹਨ। ਹੈਲੀਕਾਪਟਰ ਹਾਦਸੇ ਵਿੱਚ ਜਾਨ ਗੁਆ ਚੁੱਕੇ ਮਹਾਨ ਬਾਸਕ-ਟਬਾਲ ਖਿਡਾਰੀ ਕੋਬੋ ਬ੍ਰਾਇੰਟ ਨੂੰ ਸ਼ਰਧਾਂਜਲੀ ਦੇਣ ਨਾਲ ਇਸ ਗ੍ਰੈਮੀ 2020 ਐਵਾਰਡ ਸਮਾਗਮ ਦੀ ਸ਼ੁਰੂਆਤ ਹੋਈ। 15 ਵਾਰ ਗ੍ਰੈਮੀ ਜਿੱਤਣ ਵਾਲੀ ਏਲੀਸ਼ੀਆ ਕੀਜ ਨੇ ਸਮਾਗਮ ਦਾ ਸੰਚਾਲਨ ਕੀਤਾ। ਕੋਬੋ ਨੂੰ ਸ਼ਰਧਾਂਜਲੀ ਦਿੰਦੇ ਹੋਏ ਕੀਜ ਨੇ ਕਿਹਾ, ਮੈਂ ਕਦੇ ਸੋਚਿਆ ਨਹੀਂ ਸੀ ਕਿ ਏਦਾਂ ਸਮਾਗਮ ਸ਼ੁਰੂ ਕਰਨਾ ਪਵੇਗਾ।

ਬਿਲੀ ਨੂੰ ਚਾਰ ਸਿਖਰ ਸ਼੍ਰੇਣੀਆਂ ਬੈਸਟ ਨਿਊ ਆਰਟਿਸਟ, ਸੌਂਗ ਆਫ ਦਿ ਯੀਅਰ, ਰਿਕਾਰਡ ਆਫ ਦਿ ਯੀਅਰ ਅਤੇ ਐਲਬਮ ਆਫ ਦਾ ਯੀਅਰ ਵਿੱਚ ਐਵਾਰਡ ਮਿਲੇ ਹਨ।

# ਭੋਪਾਲ ਗੈਸ ਕਾਂਡ ਕੇਸ ਦੀ ਸੁਣਵਾਈ ਤੋਂ ਜਸਟਿਸ ਰਵਿੰਦਰ ਭੱਟ ਵੱਖ ਹੋਏ

ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਜਸਟਿਸ ਐੱਸ. ਰਵਿੰਦਰ ਭੱਟ ਨੇ ਭੋਪਾਲ ਗੈਸ ਕਾਂਡ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਅਮਰੀਕਾ ਦੀ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਦੀਆਂ ਵਾਰਸ ਕੰਪਨੀਆਂ ਕੋਲੋਂ 7844 ਕਰੋੜ ਰੁਪਏ ਦੀ ਵਾਧੂ ਰਕਮ ਦਿਵਾਉਣ ਦੇ ਕੇਸ ਤੋਂ ਮੰਗਲਵਾਰ ਖੁਦ ਨੂੰ ਵੱਖ ਕਰ ਲਿਆ। ਇਹ ਫੰਡ 1984 ਵਿੱਚ ਹੋਏ ਭੋਪਾਲ ਗੈਸ ਤ੍ਰਾਸਦੀ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਮੰਗਿਆ ਗਿਆ ਹੈ।



ਇਸ ਦੇ ਬਾਅਦ ਜਸਟਿਸ ਅਰੁਣ ਮਿਸ਼ਰਾ ਦੀ ਅਗਵਾਈ ਵਾਲੀ ਪੰਜ ਜੱਜਾਂ ਦੇ ਬੈਂਚ ਨੇ ਸੁਣਵਾਈ ਟਾਲ ਦਿੱਤੀ ਤੇ ਕਿਹਾ ਕਿ ਸੁਣਵਾਈ ਕਰਨ ਲਈ ਬੈਂਚ ਦਾ ਫੈਸਲਾ ਚੀਫ ਜਸਟਿਸ ਐੱਸ ਏ ਬੋਬੜੇ ਲੈਣਗੇ। ਜਸਟਿਸ ਇੰਦਰਾ ਬੈਨਰਜੀ, ਜਸਟਿਸ ਵਿਨੀਤ ਸ਼ਰਨ, ਜਸਟਿਸ ਐੱਮ ਆਰ ਸ਼ਾਹ ਅਤੇ ਜਸਟਿਸ ਭੱਟ ਵਾਲੀ ਬੈਂਚ ਨੇ ਕਿਹਾ, 'ਅਸੀਂ ਅੱਜ ਇਸ ਉੱਤੇ ਸੁਣਵਾਈ ਨਹੀਂ ਕਰਾਂਗੇ। ਅਸੀਂ ਚੀਫ ਜਸਟਿਸ ਦੇ ਆਦੇਸ਼ ਦੀ ਉਡੀਕ ਕਰਾਂਗੇ।' ਜਸਟਿਸ ਭੱਟ ਨੇ ਸੁਣਵਾਈ ਵਾਲੀ ਬੈਂਚ ਦਾ ਹਿੱਸਾ ਬਣਨ ਦੀ ਝਿਜਕ ਜ਼ਾਹਰ ਕਰਦੇ ਹੋਏ ਕਿਹਾ, 'ਕੇਂਦਰ ਨੇ ਜਦੋਂ ਮੁੜ ਵਿਚਾਰ ਦੀ ਮੰਗ ਕੀਤੀ ਸੀ, ਉਦੋਂ ਦੇ ਕੇਸ ਵਿੱਚ ਮੈਂ ਭਾਰਤ ਸਰਕਾਰ ਵੱਲੋਂ ਪੇਸ਼ ਹੋਇਆ ਸੀ।' ਸਾਲ 1984 ਵਿੱਚ 2-3 ਦਸੰਬਰ ਰਾਤ ਨੂੰ ਯੂਨੀਅਨ ਕਾਰਬਾਈਡ ਫੈਕਟਰੀ ਤੋਂ ਜ਼ਹਿਰੀਲੀ ਗੈਸ ਦਾ ਰਿਸਾਅ ਹੋਣ ਤੋਂ ਬਾਅਦ ਇਸ ਕੰਪਨੀ ਨੇ 715 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਸੀ। ਗੈਸ ਤ੍ਰਾਸਦੀ ਵਿੱਚ 3 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ ਤੇ 1.02 ਲੱਖ ਤੋਂ ਵੱਧ ਪ੍ਰਭਾਵਿਤ ਹੋਏ ਸਨ।

# ਪੱਛਮੀ ਬੰਗਾਲ ਦੀ ਲਾੜੀ ਨਕਦੀ ਅਤੇ ਗਹਿਣੇ ਲੈ ਕੇ ਫਰਾਰ

ਜੀਂਦ, 28 ਜਨਵਰੀ (ਪੋਸਟ ਬਿਊਰੋ)- ਪਿੰਡ ਰਾਜਪੁਰਾ ਭੈਣ ਵਿੱਚ ਤਿੰਨ ਮਹੀਨੇ ਪਹਿਲਾਂ ਪੱਛਮੀ ਬੰਗਾਲ ਤੋਂ ਆਈ ਇੱਕ ਲਾੜੀ ਆਪਣੇ ਚਚੇਰੇ ਭਰਾ ਨਾਲ ਮਿਲ ਕੇ ਪਤੀ ਅਤੇ ਘਰ ਦੇ ਬਾਕੀ ਲੋਕਾਂ ਨੂੰ ਨਸ਼ੀਲਾ ਪਦਾਰਥ ਦੇ ਕੇ ਘਰੋਂ ਚਾਰ ਲੱਖ ਰੁਪਏ ਨਕਦੀ ਅਤੇ ਗਹਿਣੇ ਲੈ ਕੇ ਫਰਾਰ ਹੋ ਗਈ। ਘਰਦਿਆਂ ਨੂੰ ਜਦ ਇਸ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਦੀ ਸ਼ਿਕਾਇਤ ਸਦਰ ਥਾਣਾ ਪੁਲਸ ਨੂੰ ਦਿੱਤੀ। ਪੁਲਸ ਨੇ ਲਾੜੀ ਰੇਸ਼ਮਾ ਅਤੇ ਉਸ ਦੇ ਭਰਾ ਬਾਗਿਸ਼ ਮੁੰਡਾ ਦੇ ਖਿਲਾਫ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਪੁਲਸ ਦੋਵਾਂ ਦੀ ਤਲਾਸ਼ ਵਿੱਚ ਲੱਗੀ ਹੋਈ ਹੈ। ਰਾਜਪੁਰਾ ਭੈਣ ਪਿੰਡ ਦੇ ਰਾਮਸਰੂਪ ਨੇ ਸਦਰ ਥਾਣਾ ਪੁਲਸ ਨੂੰ ਦੱਸਿਆ ਕਿ ਉਸ ਦਾ ਬੇਟਾ ਅਮਿਤ ਰੇਲਵੇ ਵਿੱਚ ਨੌਕਰੀ ਕਰਦਾ ਹੈ। ਕਰੀਬ ਤਿੰਨ ਮਹੀਨੇ ਪਹਿਲਾਂ ਉਸ ਨੇ ਪੱਛਮੀ ਬੰਗਾਲ ਦੇ ਜਲਪਾਈਗੁੜੀ ਦੀ ਰਹਿਣ ਵਾਲੀ ਰੇਸ਼ਮਾ ਨਾਲ ਵਿਆਹ ਕੀਤਾ ਸੀ। 24 ਜਨਵਰੀ ਦੀ ਸ਼ਾਮ ਨੂੰ ਰੇਸ਼ਮਾ ਦੇ ਚਾਚੇ ਦਾ ਲੜਕਾ ਬਗੀਸ਼ ਮੁੰਡਾ ਉਨ੍ਹਾਂ ਦੇ ਘਰ ਆਇਆ ਹੋਇਆ ਸੀ। ਇਸ ਮੌਕੇ ਖਾਣਾ ਬਣਾਇਆ ਤਾਂ ਉਸ ਵਿੱਚ ਦੋਵਾਂ ਨੇ ਨੀਂਦ ਦੀਆਂ ਗੋਲੀਆਂ ਮਿਲਾ ਦਿੱਤੀਆਂ। ਇਹ ਖਾਣਾ ਪੂਰੇ ਪਰਵਾਰ ਨੇ ਖਾਧਾ, ਪਰ ਰੇਸ਼ਮਾ ਅਤੇ ਉਸ ਦੇ ਭਰਾ ਨੇ ਨਹੀਂ ਖਾਧਾ। ਸਵੇਰੇ ਅਮਿਤ ਨੂੰ ਜਾਗ ਆਈ ਤਾਂ ਉਸ ਨੇ ਦੇਖਿਆ ਕਿ ਰੇਸ਼ਮਾ ਅਤੇ ਉਸ ਦਾ ਭਰਾ ਘਰੋਂ ਗਾਇਬ ਹਨ। ਇਸ ਦੇ ਬਾਅਦ ਅਮਿਤ ਨੇ ਪਰਵਾਰ ਦੇ ਬਾਕੀ ਮੈਂਬਰਾਂ ਨੂੰ ਜਗਾਇਆ। ਇਸ ਦੇ ਬਾਅਦ ਘਰ ਵਿੱਚ ਰੱਖੇ ਸਾਮਾਨ ਨੂੰ ਸੰਭਾਲਿਆ ਤਾਂ ਉਹ ਗਾਇਬ ਸੀ।

# ਚੱਲਦੇ ਮੋਟਰਸਾਈਕਲ ਉੱਤੇ ਨਹਾਉਣ ਵਾਲੇ ਕੀਤੇ ਗ੍ਰਿਫਤਾਰ, ਹੋਈ ਸਜ਼ਾ

ਹਨੋਈ, 28 ਜਨਵਰੀ (ਪੋਸਟ ਬਿਊਰੋ)- ਵੀਅਤਨਾਮ ਵਿੱਚ ਦੋ ਨੌਜਵਾਨਾਂ ਦੀ ਮਸਤੀ ਉਨ੍ਹਾਂ ਨੂੰ ਮਹਿੰਗੀ ਪਈ, ਜਦੋਂ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਅਸਲ ਵਿਚ ਦੋਵੇਂ ਬਾਈਕ ਦੀ ਸਵਾਰੀ ਦੌਰਾਨ ਨਹਾਉਂਦੇ ਹੋਏ ਸੜਕਾਂ ਉੱਤੇ ਘੁੰਮ ਰਹੇ ਸਨ। ਸਿਰ ਉੱਤੇ ਸ਼ੈਂਪੂ ਵੀ ਲਾਈ ਜਾਂਦੇ ਸਨ ਤੇ ਉਨ੍ਹਾਂ ਦਾ ਇਕ ਸਾਥੀ ਦੂਸਰੀ ਗੱਡੀ ਉੱਤੇ ਬੈਠ ਕੇ ਵੀਡੀਓ ਬਣਾ ਰਿਹਾ ਸੀ। ਇਸ ਵੀਡੀਓ ਦੇ ਵਾਇਰਲ ਹੋਣ ਪਿੱਛੋਂ ਪੁਲਿਸ ਨੇ ਦੋਵਾਂ ਨੂੰ ਫੜ ਕੇ ਜੁਰਮਾਨਾ ਕੀਤਾ ਹੈ। ਇਹ ਘਟਨਾ ਦੱਖਣੀ ਵੀਅਤਨਾਮ ਦੀ ਹੈ, ਜਿੱਥੇ 23 ਸਾਲਾ ਹਯਨਾ ਥਾਨ ਅਤੇ ਉਸ ਦਾ ਦੋਸਤ ਬਿਨਾਂ ਸ਼ਰਟ ਅਤੇ ਹੈਲਮਟ ਦੇ ਬਾਈਕ ਉੱਤੇ ਸ਼ਹਿਰ ਦੀਆਂ ਸੜਕਾਂ ਉੱਤੇ ਘੁੰਮ ਰਹੇ ਸਨ। ਉਨ੍ਹਾਂ ਬਾਈਕ ਦੇ ਵਿਚਾਲੇ ਬਾਲਟੀ ਰੱਖੀ ਹੋਈ ਸੀ ਤੇ ਸ਼ਹਿਰ ਦੇ ਭੀੜ-ਭੜੱਕੇ ਵਾਲੇ ਰਸਤੇ ਉੱਤੇ ਨਹਾਉਂਦੇ ਜਾਂਦੇ ਹਨ। ਵਾਇਰਲ ਹੋਈ ਵੀਡੀਓ ਫੁਟੇਜ ਵਿੱਚ ਸਾਫ ਦੇਖਿਆ ਜਾ ਰਿਹਾ ਹੈ ਕਿ ਦੋਵੇਂ ਜਣੇ ਬਾਈਕ ਉੱਤੇ ਪਾਣੀ ਦੀ ਬਾਲਟੀ ਅਤੇ ਸਾਹ-ਮਣੇ ਬੀਅਰ ਦੀ ਇਕ ਕਾਰਟਨ ਰੱਖ ਕੇ ਘੁੰਮ ਰਹੇ ਹਨ। ਪਿੱਛੇ ਬੈਠਾ ਨੌਜਵਾਨ ਆਪਣੇ ਤੇ ਬਾਈਕ ਚਲਾ ਰਹੇ ਨੌਜਵਾਨ ਦੇ ਸਿਰ ਉੱਤੇ ਪਾਣੀ ਪਾਉਂਦਾ ਜਾਂਦਾ ਹੈ ਅਤੇ ਸ਼ੈਂਪੂ ਵੀ ਲਾ ਰਿਹਾ ਹੈ। ਬਾਈਕ ਚਲਾ ਰਿਹਾ ਨੌਜਵਾਨ ਇਕ ਹੱਥ ਨਾਲ ਗੱਡੀ ਬੈਲੇਂਸ ਕਰਦਾ ਤੇ ਦੂਸਰੇ ਨਾਲ ਸਾਬਨ ਰਗੜਦਾ ਹੈ। ਸੋਸ਼ਲ ਮੀਡੀਆ ਉੱਤੇ ਕਈ ਲੋਕਾਂ ਨੇ ਇਸ ਸਟੰਟ ਨੂੰ ਬੇਹੱਦ ਖ਼ਤਰਨਾਕ ਕਿਹਾ।



ਵੀਅਤਨਾਮੀ ਸੂਬੇ ਬਿਨਹ ਡੁਉਂਗ ਦੀ ਇਸ ਘਟਨਾ ਦੀ ਵੀਡੀਓ ਵਾਇਰਲ ਹੋਈ ਤੋਂ ਅਧਿਕਾਰੀਆਂ ਨੇ ਇਸ ਉੱਤੇ ਕਾਰਵਾਈ ਕੀਤੀ ਅਤੇ ਨੰਬਰ ਪਲੇਟ ਦੇ ਆਧਾਰ ਉੱਤੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜੋ ਵੀਡੀਓ ਵਿੱਚ ਦਿੱਸਦੇ ਸਨ। ਗੱਡੀ ਚਲਾ ਰਹੇ ਨੌਜਵਾਨ ਦੀ ਪਛਾਣ ਹੁਯਨਹ ਵਜੋਂ ਹੋਈ ਹੈ।

# ਸਿੰਧ ਵਿੱਚ ਮੰਦਰ ਉੱਤੇ ਹਮਲਾ ਅਤੇ ਭੰਨਤੋੜ

ਕਰਾਚੀ, 28 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀਆਂ ਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਤੇ ਹਮਲੇ ਦਾ ਸਿਲਸਿਲਾ ਵਧਦਾ ਜਾ ਰਿਹਾ ਹੈ। ਗੁਰਦੁਆਰਾ ਨਨਕਾਣਾ ਸਾਹਿਬ 'ਤੇ ਪਥਰਾਅ ਦਾ ਜ਼ਖਮ ਅਜੇ ਭਰਿਆ ਨਹੀਂ ਕਿ ਸਿੰਧ ਸੂਬੇ ਦੇ ਇੱਕ ਪਿੰਡ ਦੇ ਮੰਦਰ 'ਤੇ ਐਤਵਾਰ ਰਾਤ ਕੁਝ ਅਣਪਛਾਤੇ ਲੋਕਾਂ ਨੇ ਹਮਲਾ ਕਰ ਦਿੱਤਾ ਹੈ। ਮੰਦਰ 'ਚ ਭੰਨਤੋੜ ਕਰਨ ਪਿੱਛੋਂ ਹਮਲਾਵਰ ਫਰਾਰ ਹੋ ਗਏ। ਪੁਲਸ ਨੇ ਚਾਰ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕੀਤਾ ਹੈ, ਪਰ ਕਿਸੇ ਵੀ ਹਮਲਾਵਰ ਨੂੰ ਗ੍ਰਿਫਤਾਰ ਨਹੀਂ ਕਰ ਸਕੀ।





ਅਖਬਾਰ ਡਾਨ ਦੀ ਰਿਪੋਰਟ ਅਨੁਸਾਰ ਥਾਰ ਦੇ ਛਾਚਰੋ ਸ਼ਹਿਰ ਦੇ ਮਾਤਾ ਦੇਵਲ ਭਿਟਾਨੀ ਮੰਦਰ ਵਿੱਚ ਐਤਵਾਰ ਰਾਤ ਚਾਰ ਜਣਿਆਂ ਨੇ ਭੰਨਤੋੜ ਕੀਤੀ। ਛਾਚਰੋ ਥਾਣਾ ਇੰਚਾਰਜ ਹੁਸੈਨ ਬਖਸ਼ ਰਾਜਰ ਨੇ ਦੱਸਿਆ ਕਿ ਪੁਲਸ ਦੋਸ਼ੀਆਂ ਦੀ ਭਾਲ ਕਰ ਰਹੀ ਹੈ। ਮੁੱਖ ਮੰਤਰੀ ਦੇ ਵਿਸ਼ੇਸ਼ ਸਹਿਯੋਗੀ (ਮਨੁੱਖੀ ਅਧਿਕਾਰ ਮਾਮਲੇ) ਅਤੇ ਵਕੀਲ ਵੀਰਜੀ ਕੋਲ੍ਹੀ ਨੇ ਕਿਹਾ ਕਿ ਸ਼ਰਾਰਤੀ ਅਨਸਰ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨਾ ਚਾਹੁੰਦੇ ਹਨ। ਉਨ੍ਹਾਂ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਪਾਕਿਸਤਾਨ ਵਿੱਚ ਹਿੰਦੂ ਸਭ ਤੋਂ ਵੱਡਾ ਘੱਟ ਗਿਣਤੀ ਭਾਈਚਾਰਾ ਹੈ। ਸਰਕਾਰ ਦਾ ਮੰਨਣਾ ਹੈ ਕਿ ਉਥੇ 75 ਲੱਖ ਹਿੰਦੂ ਰਹਿੰਦੇ ਹਨ, ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਆਬਾਦੀ ਨੱਬੇ ਲੱਖ ਤੋਂ ਵੱਧ ਹੈ। ਪਾਕਿਸਤਾਨ ਵਿੱਚ ਜ਼ਿਆਦਾਤਰ ਹਿੰਦੂ ਆਬਾਦੀ ਸਿੰਧ ਸੂਬੇ ਵਿੱਚ ਰਹਿੰਦੀ ਹੈ। ਇਸ ਦੇਸ਼ ਵਿੱਚ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਨਨਕ-ਾਣਾ ਸਾਹਿਬ 'ਤੇ ਵੀ ਪਿਛਲੇ ਦਿਨੀਂ ਭੀੜ ਨੇ ਹਮਲਾ ਕਰ ਦਿੱਤਾ ਸੀ। ਭੀੜ ਨੇ ਗੁਰਦੁਆਰੇ 'ਤੇ ਪਥਰਾਅ ਕਰਦੇ ਹੋਏ ਸ਼ਰਧਾਲੂਆਂ ਵਿੱਚ ਡਰ ਪੈਦਾ ਕਰ ਦਿੱਤਾ ਸੀ। ਦੋਸ਼ੀਆਂ ਨੇ ਸ਼ਹਿਰ ਦਾ ਨਾਂਅ ਬਦਲਣ ਦੀ ਧਮਕੀ ਵੀ ਦਿੱਤੀ ਸੀ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777


416.802.5866

31 Melanie Dr. Unit #4 Brampton, ON L6T 5H8




Bramalea / Sandalwood

ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN

ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington

8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

# ਗਾਇਕ ਮਨਕੀਰਤ ਔਲਖ ਵੀ ਜਾਂਚ ਅਧਿਕਾਰੀ ਸਾਹਮਣੇ ਪੇਸ਼

## * ਸਿੱਧੂ ਮੂਸੇਵਾਲੇ ਦਾ ਸ਼ੋਅ ਵਿਚਾਲੇ ਰੋਕਿਆ



ਲੁਧਿਆਣਾ, 28 ਜਨਵਰੀ (ਪੋਸਟ ਬਿਊਰੋ)- ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬੀ ਗਾਇਕ ਮਨਕੀਰਤ ਔਲਖ ਵੀ ਕੱਲ੍ਹ ਜਾਂਚ ਅਧਿਕਾਰੀ ਸਾਹਮਣੇ ਪੇਸ਼ ਹੋਏ ਅਤੇ ਉਨ੍ਹਾਂ ਨੇ ਆਪਣੇ ਖਿਲਾਫ ਹੋਈ ਸ਼ਿਕਾਇਤ ਦੇ ਸੰਬੰਧ ਵਿੱਚ ਬਿਆਨ ਕਲਮਬੰਦ ਕਰਵਾਏ।

ਮਿਲੀ ਸੂਚਨਾ ਅਨੁਸਾਰ ਆਰ ਟੀ ਆਈ ਕਾਰਕੁਨ ਕੁਲਦੀਪ ਸਿੰਘ ਖਹਿਰਾ ਨੇ ਹਾਈ ਕੋਰਟ ਦੇ ਹੁਕਮਾਂ ਉਲੰਘਣਾ ਕਰਨ ਦਾ ਦੋਸ਼ ਲਾ ਕੇ ਸਿੱਧੂ ਮੂਸੇਵਾਲਾ ਅਤੇ ਮਨਕੀਰਤ ਔਲਖ ਦੇ ਖ਼ਿਲਾਫ਼ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਦੀ ਜਾਂਚ ਕਰਨ ਲਈ ਪੁਲਸ ਕਮਿਸ਼ਨਰ ਹੁਕਮ ਦਿੱਤੇ ਸਨ। ਏ ਸੀ ਪੀ ਜਸ਼ਨਦੀਪ ਸਿੰਘ ਗਿੱਲ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਿੱਧੂ ਮੂਸੇਵਾਲਾ ਇੱਕ ਦਿਨ ਪਹਿਲਾਂ ਆਪਣੇ ਬਿਆਨ ਕਲਮਬੱਧ ਕਰਵਾਏ ਗਏ ਸਨ। ਉਸ ਤੋਂ ਬਾਅਦ ਮਨਕੀਰਤ ਔਲਖ ਨੇ ਵੀ ਬਿਆਨ ਦਰਜ ਕਰਵਾਏ ਹਨ। ਕੁਲਦੀਪ ਸਿੰਘ ਖਹਿਰਾ ਮੁਤਾਬਕ ਇਨ੍ਹਾਂ ਦੋਵਾਂ ਗਾਇਕਾਂ ਨੇ ਆਪਣੇ ਇੱਕ ਗੀਤ ਵਿੱਚ ਹਥਿਆਰਾਂ ਦਾ ਜ਼ਿਕਰ ਕੀਤਾ ਸੀ ਜੋ ਬਾਅਦ 'ਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। ਹਾਲ ਦੀ ਘੜੀ ਪੁਲਸ ਅਧਿਕਾਰੀ ਕਿਸੇ ਸਿੱਟੇ 'ਤੇ ਨਹੀਂ ਪਹੁੰਚੇ ਅਤੇ ਜਾਂਚ ਕੀਤੇ ਜਾਣ ਬਾਰੇ ਕਿਹਾ ਜਾ ਰਿਹਾ ਹੈ। ਦੂਜੇ ਪਾਸੇ ਕੱਲ੍ਹ ਰਾਤ ਸਿੱਧੂ ਮੂਸੇਵਾਲੇ ਦਾ ਇੱਕ ਸ਼ੋਅ ਸਥਾਨਕ ਪੱਖੋਵਾਲ ਸੜਕ ਉੱਤੇ ਇਨਡੋਰ ਸਟੇਡੀਅਮ ਵਿੱਚ ਕਰਵਾਇਆ ਗਿਆ ਸੀ। ਸ਼ੋਅ ਦਾ ਸਮਾਂ 7 ਤੋਂ 10 ਵਜੇ ਤੱਕ ਸੀ। ਜਦੋਂ ਸਿੱਧੂ ਮੂਸੇਵਾਲੇ ਨੇ ਸਵਾ 10 ਵਜੇ ਤੱਕ ਸਮਾਪਤ ਨਹੀਂ ਕੀਤਾ ਤਾਂ ਪੁਲਸ ਅਧਿਕਾਰੀ ਸਟੇਜ 'ਤੇ ਚੜ੍ਹ ਗਏ ਤੇ ਸਿੱਧੂ ਮੂਸੇਵਾਲੇ ਦਾ ਸ਼ੋਅ ਵਿਚਾਲੇ ਰੋਕ ਦਿੱਤਾ। ਅਧਿਕਾਰੀਆਂ ਦਾ ਕਹਿਣਾ ਸੀ ਕਿ 10 ਵਜੇ ਤੋਂ ਬਾਅਦ ਪੁਲਸ ਪ੍ਰਸ਼ਾਸਨ ਵੱਲੋਂ ਸ਼ੋਅ ਦੀ ਇਜਾਜ਼ਤ ਨਹੀਂ ਦਿੱਤੀ ਗਈ, ਮੂਸੇਵਾਲੇ ਨੇ ਅਜੇ ਦੋ ਹੀ ਗਾਣੇ ਗਾਏ ਸਨ ਅਤੇ ਸ਼ੋਅ ਵਿੱਚ ਲੋਕਾਂ ਦੀ ਹਾਜ਼ਰੀ ਵੀ ਘੱਟ ਸੀ। ਬਾਅਦ ਵਿੱਚ ਸਿੱਧੂ ਮੂਸੇਵਾਲਾ ਸਟੇਜ ਤੋਂ ਲੋਕਾਂ ਪਾਸੋਂ ਮੁਆਫ਼ੀ ਮੰਗ ਕੇ ਚਲਾ ਗਿਆ। ਸਟੇਜ ਤੋਂ ਵਾਪਸ ਜਾਣ ਸਮੇਂ ਸਿੱਧੂ ਮੂਸੇਵਾਲੇ ਦਾ ਪੈਰ ਅਚਾਨਕ ਮੁੜ ਗਿਆ ਅਤੇ ਉਨ੍ਹਾਂ ਨੂੰ ਸੱਟ ਲੱਗ ਗਈ, ਜਿਸ 'ਤੇ ਦੋ ਬੰਦਿਆਂ ਵੱਲੋਂ ਉਨ੍ਹਾਂ ਨੂੰ ਕਾਰ ਤੱਕ ਪਹੁੰਚਿਆ ਗਿਆ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਵਲਟੋਹਾ ਵਿਰੁੱਧ ਕਤਲ ਤੇ ਹੋਰ ਧਾਰਾਵਾਂ ਹੇਠ ਦੋਸ਼ ਪੱਤਰ ਦਾਇਰ

## * ਸਾਬਕਾ ਅਕਾਲੀ ਵਿਧਾਇਕ ਨੂੰ 1985 ਵਿੱਚ ਭਗੌੜਾ ਐਲਾਨਿਆ ਗਿਆ ਸੀ

ਚੰਡੀਗੜ੍ਹ, 28 ਜਨਵਰੀ (ਪੋਸਟ ਬਿਊਰੋ)- ਤਰਨ ਤਾਰਨ ਦੀ ਅਦਾਲਤ ਵੱਲੋਂ ਸਾਲ 1983 ਵਿੱਚ ਪੱਟੀ ਦੇ ਕਾਂਗਰਸੀ ਡਾਕਟਰ ਸੁਦਰਸ਼ਨ ਕੁਮਾਰ ਤਰੇਹਨ ਦੇ ਕਤਲ ਦੇ ਕੇਸ ਵਿੱਚ ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਵਿਰੁੱਧ ਕਤਲ ਅਤੇ ਧਾਰਾਵਾਂ ਹੇਠ ਦੋਸ਼ ਆਇਦ ਕੀਤੇ ਗਏ ਹਨ।

ਵਰਣਨ ਯੋਗ ਹੈ ਕਿ 30 ਅਕਤੂਬਰ 1983 ਨੂੰ ਡਾਕਟਰ ਸੁਦਰਸ਼ਨ ਤਰੇਹਨ ਨੂੰ ਪੱਟੀ ਵਿਖੇ ਉਨ੍ਹਾਂ ਦੇ ਕਲੀਨਿਕ ਵਿੱਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ ਤੇ ਤਿੰਨ ਅਣਪਛਾਤੇ ਵਿਅਕਤੀਆਂ ਉੱਤੇ ਕੇਸ ਦਰਜ ਹੋਇਆ ਸੀ। ਮਿਤੀ 23 ਮਈ 1984 ਨੂੰ ਦੋਸ਼ੀਆਂ ਦਾ ਪਤਾ ਨਾ ਲੱਗਣ ਕਰ ਕੇ 'ਆਦਮਪਤਾ ਰਿਪੋਰਟ' ਅਦਾਲਤ ਨੂੰ ਦੇ ਦਿੱਤੀ ਗਈ ਸੀ, ਪਰ ਬਾਅਦ ਵਿੱਚ ਬਲਦੇਵ ਸਿੰਘ, ਹਰਦੇਵ ਸਿੰਘ ਵਾਸੀ ਭੂਰਾ ਕੋਹਨਾ ਤੇ ਵਿਰਸਾ ਸਿੰਘ ਵਲਟੋਹਾ ਨੂੰ ਇਸ ਕਤਲ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਬਲਦੇਵ ਸਿੰਘ, ਹਰਦੇਵ ਸਿੰਘ ਨੂੰ ਗ੍ਰਿਫਤਾਰ ਕਰ ਕੇ ਚਲਾਨ ਅਦਾਲਤ ਵਿੱਚ ਦੇ ਦਿੱਤਾ ਗਿਆ ਸੀ, ਪਰ ਵਿਰਸਾ ਸਿੰਘ ਵਲਟੋਹਾ ਨੂੰ ਚਾਰ ਜਨਵਰੀ 1985 ਨੂੰ ਅਦਾਲਤ ਨੇ ਭਗੌੜਾ ਕਰਾਰ ਦੇ ਦਿੱਤਾ ਸੀ। ਬਾਅਦ ਵਿੱਚ



ਬਲਦੇਵ ਸਿੰਘ ਅਤੇ ਹਰਦੇਵ ਸਿੰਘ 1990 ਵਿੱਚ ਅਦਾਲਤ ਤੋਂ ਬਰੀ ਹੋ ਗਏ, ਪਰ ਵਿਰਸਾ ਸਿੰਘ ਵਲਟੋਹਾ ਵਿਰੁੱਧ ਕੇਸ ਹੀ ਨਹੀਂ ਚਲਾਇਆ ਗਿਆ ਸੀ। ਜਾਣਕਾਰ ਸੂਤਰਾਂ ਮੁਤਾ-ਬਕ ਇਸ ਕੇਸ ਦੇ ਜ਼ਿਆਦਾਤਰ ਗਵਾਹ ਅਤੇ ਜਾਂਚ ਅਫਸਰਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੇਸ ਵਿੱਚ ਇਹ 37 ਸਾਲਾਂ ਦੇਰੀ ਦਾ ਲਾਭ ਮੁਲਜ਼ਮਾਂ ਨੂੰ ਮਿਲ ਸਕਦਾ ਹੈ।

ਵਿਰਸਾ ਸਿੰਘ ਵਲਟੋਹਾ ਲੰਮਾ ਸਮਾਂ ਜੋਧਪੁਰ, ਤਿਹਾੜ ਅਤੇ ਅੰਮ੍ਰਿਤਸਰ ਜੇਲ੍ਹ ਵਿੱਚ ਰਹੇ ਸਨ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਅਕਾਲੀ ਸਰਕਾਰ ਦੌਰਾਨ ਪਹਿਲਾਂ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦਾ ਮੈਂਬਰ ਅਤੇ ਫਿਰ ਦੋ ਵਾਰ ਐੱਮ ਐੱਲ ਏ ਅਤੇ ਚੀਫ ਪਾਰਲੀਮੈਂਟਰੀ ਸਕੱਤਰ ਬਣਾਇਆ ਗਿਆ ਸੀ, ਪਰ ਕੇਸ ਵਿੱਚ ਸ਼ਮੂਲੀਅਤ ਦੇ ਬਾਵਜੂਦ ਉਨ੍ਹਾਂ ਨੂੰ ਮਿਲੀ ਪੁਲਸ ਕਲੀਅਰੈਂਸ ਸਵਾਲਾਂ ਦੇ ਘੇਰੇ ਵਿੱਚ ਆ ਜਾਂਦੀ ਹੈ। ਉਂਜ ਛੋਟੇ-ਛੋਟੇ ਕੇਸਾਂ ਵਿੱਚ ਬਰੀ ਹੋਣ ਦੇ ਬਾਵਜੂਦ ਆਮ ਲੋਕਾਂ ਨੂੰ ਪੁਲਸ ਕਲੀਅਰੈਂਸ ਨਾ ਦੇਣ ਕਰ ਕੇ ਪਾਸਪੋਰਟ ਜਾਰੀ ਨਹੀਂ ਹੁੰਦੇ, ਪਰ ਕਤਲ ਦਾ ਕੇਸ ਪੈਂਡਿੰਗ ਹੋਣ ਦੇ ਬਾਵਜੂਦ ਸਾਲ 2009 ਵਿੱਚ ਪੰਜਾਬ ਇੰਟੈਲੀਜੈਂਸ ਦੇ ਸੀਨੀਅਰ ਅਫਸਰ ਵੱਲੋਂ ਵਲਟੋਹਾ ਨੂੰ ਪਾਸ-ਪੋਰਟ ਜਾਰੀ ਕਰਨ ਦੇ ਲਿਖਤੀ ਹੁਕਮ ਭੇਜੇ ਗਏ ਸਨ। ਸੰਬੰਧਤ ਅਦਾਲਤ 'ਚ ਅਗਲੀ ਸੁਣਵਾਈ 14 ਫਰਵਰੀ ਨੂੰ ਹੋਵੇਗੀ।

# ਪੰਜਾਬ ਦੇ ਕਿਸਾਨਾਂ ਨੂੰ ਫਸਲ ਦੀ ਸਿੱਧੀ ਅਦਾਇਗੀ ਕੀਤੀ ਜਾਵੇਗੀ

ਚੰਡੀਗੜ੍ਹ, 28 ਜਨਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕੱਲ੍ਹ ਇੱਕ ਵੱਡਾ ਫੈਸਲਾ ਲੈ ਲਿਆ ਅਤੇ 'ਪੰਜਾਬ ਖੇਤੀ ਉਤਪਾਦ ਮਾਰਕੀਟ ਐਕਟ' (ਏ ਪੀ ਐਮ ਸੀ ਐਕਟ) ਦੇ ਨਿਯਮਾਂ ਵਿੱਚ ਸੋਧ ਕੀਤੀ ਹੈ ਕਿ ਕਿਸਾਨਾਂ ਨੂੰ ਫਸਲ ਦੀ ਸਿੱਧੀ ਅਦਾਇਗੀ ਹੋਵੇਗੀ ਤੇ ਅਗਲੇ ਕਣਕ ਦੇ ਸੀਜ਼ਨ ਦੌਰਾਨ ਇਸ ਸਿੱਧੀ ਅਦਾਇਗੀ ਦੇ ਆਸਾਰ ਹਨ।

ਮੁੱਖ ਮੰਤਰੀ ਦਫ਼ਤਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ। ਉਧਰ ਆੜ੍ਹਤੀਆਂ ਨੂੰ ਡਰ ਹੈ ਕਿ ਇਸ ਨਵੀਂ ਸੋਧ ਨਾਲ ਉਨ੍ਹਾਂ ਵੱਲੋਂ ਕਿਸਾਨਾਂ ਨੂੰ ਦਿੱਤਾ ਹੋਇਆ ਕਰਜ਼ਾ ਡੁੱਬ ਜਾਵੇਗਾ। ਆੜ੍ਹਤੀਆਂ ਦੇ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਦੇ ਦਬਾਅ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਇਹ ਕੌੜਾ ਘੁੱਟ ਭਰਨਾ ਪਿਆ ਹੈ। ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰ 'ਤੇ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ ਕਿ ਕਿਸਾਨਾਂ ਦੀਆਂ ਫ਼ਸਲਾਂ ਦੀ ਵਿਕਰੀ ਸਮੇਂ ਵਿਚੋਲਿਆਂ ਆੜ੍ਹਤੀਆਂ ਨੂੰ ਪਾਸੇ ਕਰਕੇ ਸਿੱਧੀ ਅਦਾਇਗੀ ਕੀਤੀ ਜਾਵੇ। ਮੁੱਖ



ਮੰਤਰੀ ਦਫਤਰ ਦੇ ਇਸ ਅਧਿਕਾਰੀ ਮੁਤਾਬਕ ਕਿਸਾਨਾਂ ਨੂੰ ਫਸਲ ਦੀ ਵਿਕਰੀ ਮਗਰੋਂ ਦਿੱਤੇ ਜਾਂਦੇ 'ਜੇ' ਫਾਰਮ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣਗੀਆਂ ਅਤੇ ਕਿਸਾਨਾਂ ਦੇ ਬੈਂਕ ਖਾਤਿਆਂ ਦੀ ਜਾਣਕਾਰੀ ਫਾਰਮ ਦੇ ਵਿੱਚ ਹਾਸਲ ਕੀਤੀ ਜਾਵੇਗੀ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਏ ਪੀ ਐਮ ਸੀ ਐਕਟ ਵਿੱਚ ਕਿਸਾਨਾਂ ਨੂੰ ਸਿੱਧੀ ਜਾਂ ਆੜ੍ਹਤੀਆਂ ਰਾਹੀਂ ਦੋਵਾਂ ਤਰੀਕਿਆਂ ਨਾਲ ਜਿਣਸਾਂ ਦੀ ਅਦਾਇਗੀ ਕਰਨ ਵੀ ਵਿਵਸਥਾ ਪਹਿਲਾਂ ਹੀ ਸੀ। ਫਸਲਾਂ ਦੀ ਖ਼ਰੀਦ ਨਾਲ ਸਬੰਧਤ ਫਾਰਮਾਂ ਵਿੱਚ ਇਸ ਦੀ ਵਿਵਸਥਾ ਕਰਨ ਲਈ ਨਿਯਮਾਂ 'ਚ ਸੋਧ ਕੀਤੀ ਜਾਣੀ ਲਾਜ਼ਮੀ ਸੀ ਅਤੇ ਇਸ ਸੋਧ ਦਾ ਨੋਟੀਫਿਕੇਸ਼ਨ 16 ਜਨਵਰੀ ਨੂੰ ਜਾਰੀ ਕਰ ਦਿੱਤਾ ਗਿਆ ਹੈ। ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੇ ਪਿੱਛੇ ਜਿਹੇ ਨਿਯਮਾਂ ਦੀ ਸੋਧ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਫਾਈਲ ਭੇਜੀ ਸੀ। ਖੇਤੀ ਵਿਭਾਗ ਦਾ ਕੰਮ ਮੁੱਖ ਮੰਤਰੀ ਖੁਦ ਦੇਖਦੇ ਹਨ ਤੇ ਨਿਯਮਾਂ ਜਾਂ ਏ ਪੀ ਐਮ ਸੀ ਵਿੱਚ ਸੋਧ ਦਾ ਕੇਸ ਖੇਤੀਬਾੜੀ ਵਿਭਾਗ ਦਾ ਅਧਿਕਾਰ ਖੇਤਰ ਹੈ।

ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਮੁਤਾਬਕ ਪੰਜਾਬ ਵਿੱਚ 22 ਹਜ਼ਾਰ ਦੇ ਕਰੀਬ ਆੜ੍ਹਤੀਏ ਹਨ ਤੇ 12 ਤੋਂ 13 ਲੱਖ ਦੇ ਕਰੀਬ ਕਿਸਾਨ ਹਰ ਸਾਲ ਆਪਣੀ ਫਸਲ ਇਨ੍ਹਾਂ ਆੜ੍ਹਤੀਆਂ ਦੇ ਰਾਹੀਂ ਵੇਚਦੇ ਹਨ। ਪੰਜਾਬ ਮੰਡੀ ਬੋਰਡ ਕੋਲ 4.95 ਲੱਖ ਕਿਸਾਨਾਂ ਦੀ ਰਜਿਸਟਰੇਸ਼ਨ ਹੋਈ ਹੈ। ਆੜ੍ਹਤੀਆਂ ਨੂੰ ਫਸਲ ਦੀ ਵਿਕਰੀ ਉੱਤੇ ਢਾਈ ਫੀਸਦੀ ਕਮਿਸ਼ਨ ਮਿਲਦਾ ਹੈ। ਝੋਨੇ ਦੀ ਖ਼ਰੀਦ ਦੇ ਪਿਛਲੇ ਸੀਜ਼ਨ ਦੌਰਾਨ ਰਾਜ ਸਰਕਾਰ ਤੋਂ ਆੜ੍ਹਤੀਆਂ ਨੂੰ 750 ਕਰੋੜ ਰੁਪਏ ਕਮਿਸ਼ਨ ਮਿਲਿਆ ਹੈ। ਵਿਭਾਗ ਦੇ ਮੁਤਾਬਕ ਜਿਨ੍ਹਾਂ ਫ਼ਸਲਾਂ 'ਤੇ ਭਾਰਤ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਹੋਵੇ, ਉਨ੍ਹਾਂ ਦੀ ਵਿਕਰੀ ਨਾਲ ਕਿਸਾਨਾਂ ਨੂੰ 70 ਹਜ਼ਾਰ ਕਰੋੜ ਰੁਪਏ ਦੀ ਰਕਮ ਆੜ੍ਹਤੀਆਂ ਰਾਹੀਂ ਮਿਲਦੀ ਹੈ। ਭਾਰਤ ਸਰਕਾਰ ਦਾ ਕਹਿਣਾ ਹੈ ਕਿ ਜਿਣਸਾਂ ਦੀ ਅਦਾਇਗੀ ਕਿਸਾਨ ਦੇ ਖਾਤੇ ਵਿੱਚ ਸਿੱਧੀ ਕੀਤੀ ਜਾਵੇ ਤੇ ਆੜ੍ਹਤੀਆਂ ਨੂੰ ਬਣਦਾ ਕਮਿਸ਼ਨ ਵੱਖਰੇ ਤੌਰ 'ਤੇ ਦਿੱਤਾ ਜਾਵੇ। ਪੰਜਾਬ ਸਰਕਾਰ ਵੱਲੋਂ ਆੜ੍ਹਤੀਆਂ ਨੂੰ ਕਿਸਾਨਾਂ ਦੇ ਬੈਂਕ ਖਾਤੇ ਅਤੇ ਆਧਾਰ ਕਾਰਡ ਦੇਣ ਲਈ ਕਿਹਾ ਸੀ। ਇਸ ਮਾਮਲੇ ਵਿੱਚ ਰਾਜ ਸਰਕਾਰ ਦੀਆਂ ਹਦਾਇਤਾਂ ਦੀ 11 ਹਜ਼ਾਰ ਆੜ੍ਹਤੀਆਂ ਨੇ ਪਾਲਣਾ ਕੀਤੀ ਹੈ।

# ਕਾਂਗਰਸੀ ਸਰਪੰਚ ਦਾ ਪੁੱਤਰ ਗੋਲੀਆਂ ਮਾਰ ਕੇ ਕਤਲ



ਬਟਾਲਾ, 28 ਜਨਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਹਰਪੁਰਾ ਵਿੱਚ ਕੱਲ੍ਹ ਚਿੱਟੇ ਦਿਨ ਨੌਜਵਾਨ ਕਾਂਗਰਸੀ ਆਗੂ ਜਸਬੀਰ ਸਿੰਘ ਉਰਫ਼ ਗੋਲੂ (35) ਦਾ ਪਿੰਡ ਦੇ ਨੌਜਵਾਨ ਹਰਿੰਦਰ ਸਿੰਘ ਉਰਫ਼ ਰਾਜਾ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਕਤਲ ਦਾ ਕਾਰਨ ਦੋਵਾਂ ਧਿਰਾਂ ਦੀ ਪੁਰਾਣੀ ਰੰਜਿਸ਼ ਨੂੰ ਦੱਸਿਆ ਜਾ ਰਿਹਾ ਹੈ।

ਜਸਬੀਰ ਸਿੰਘ ਪਿੰਡ ਦੀ ਸਰਪੰਚ ਸੁਖਜਿੰਦਰ ਕੌਰ ਦਾ ਇਕਲੌਤਾ ਪੁੱਤਰ ਸੀ। ਪੁਲਸ ਦੇ ਮੁਤਾਬਕ ਉਸ ਨੂੰ ਪੰਜ ਗੋਲੀਆਂ ਮਾਰੀਆਂ ਗਈਆਂ। ਪਿੰਡ ਦੇ ਲੋਕਾਂ ਨੇ ਉਸ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਦਾਖ਼ਲ ਕਰਾਇਆ ਸੀ, ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ। ਜਸਬੀਰ ਸਿੰਘ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਕਾਂਗਰਸ ਵਿਧਾਇਕ ਬਲਵਿੰਦਰ ਸਿੰਘ ਲਾਡੀ ਦਾ ਨੇੜਲਾ ਸਾਥੀ ਸੀ। ਇਸ ਹੀ ਸੂਚਨਾ ਮਿਲਦਿਆਂ ਸਾਰ ਐਸ ਪੀ ਜਸਬੀਰ ਸਿੰਘ ਰਾਏ ਓਥੇ ਪਹੁੰਚੇ ਅਤੇ ਹਾਲਾਤ ਦਾ ਜਾਇਜ਼ਾ ਲਿਆ। ਰਾਏ ਨੇ ਦੱਸਿਆ ਕਿ ਕੱਲ੍ਹ ਜਸਬੀਰ ਸਿੰਘ ਜਦੋਂ ਆਪਣੇ ਖੇਤ ਨੂੰ ਜਾ ਰਿਹਾ ਸੀ ਤਾਂ ਹਰਿੰਦਰ ਸਿੰਘ ਨੇ ਉਸ 'ਤੇ ਗੋਲੀਆਂ ਦਾਗ਼ ਦਿੱਤੀਆਂ। ਪੁਲਸ ਨੇ ਥਾਣਾ ਘੁਮਾਣ ਵਿੱਚ ਹਰਿੰਦਰ ਸਿੰਘ ਉਰਫ਼ ਰਾਜਾ ਵਿਰੁੱਧ ਕਤਲ ਅਤੇ ਅਸਲਾ ਐਕਟ ਦਾ ਕੇਸ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਦੋਵਾਂ ਖ਼ਿਲਾਫ਼ ਪਹਿਲਾਂ ਵੀ ਕੇਸ ਦਰਜ ਹਨ। ਹਰਿੰ-ਦਰ ਸਿੰਘ ਕਰੀਬ ਤਿੰਨ ਸਾਲ ਪਹਿਲਾਂ ਪਿੰਡ ਵਿੱਚ ਹੋਏ ਇੱਕ ਕਤਲ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਸੀ ਅਤੇ ਦੋ ਕੁ ਮਹੀਨੇ ਪਹਿਲਾਂ ਜ਼ਮਾਨਤ 'ਤੇ ਰਿਹਾਅ ਹੋਇਆ ਸੀ ਅਤੇ ਛੇ ਫਰਵਰੀ ਨੂੰ ਉਸ ਦਾ ਵਿਆਹ ਸੀ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3", ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1", ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ





## ਅੰਡਰ 19 ਵਿਸ਼ਵ ਕੱਪ : ਭਾਰਤ ਨੇ 3 ਵਾਰ ਦੇ ਚੈਂਪੀਅਨ ਰਹੇ ਆਸਟਰੇਲੀਆ ਨੂੰ ਕੁਆਰਟਰ ਫਾਈਨਲ 'ਚ ਹਰਾਇਆ



ਨਵੀਂ ਦਿੱਲੀ ਅੰਡਰ-19 ਕ੍ਰਿਕਟ ਵਿਸ਼ਵ ਕੱਪ ਦੇ ਤਹਿਤ ਭਾਰਤ ਤੇ ਆਸਟਰੇਲੀਆ ਵਿਚਾਲੇ ਖੇਡੇ ਗਏ ਪਹਿਲੇ ਕੁਆਰਟਰ ਫਾਈਨਲ ਮੁਕਾਬਲੇ 'ਚ ਭਾਰਤੀ ਟੀਮ ਨੇ 74 ਦੌੜਾਂ ਨਾਲ ਜਿੱਤ ਕਰਨ 'ਚ ਸਫਲਤਾ ਹਾਸਲ ਕੀਤੀ। ਭਾਰਤੀ ਟੀਮ ਮੈਚ 'ਚ ਸ਼ੁਰੂ ਤੋਂ ਹੀ ਹਾਵੀ ਰਹੀ ਸੀ। ਪਹਿਲਾਂ ਖੇਡਦੇ ਹੋਏ ਭਾਰਤੀ ਟੀਮ ਨੇ ਯਸ਼ਸਵੀ ਜਾਇਸਵਾਲ ਤੇ ਦਿਵਿਆਂਸ਼ ਸਕਸੇਨਾ ਦੀ ਬਦੌਲਤ ਵਧੀਆ ਸ਼ੁਰੂਆਤ ਕੀਤੀ। ਯਸ਼ਸਵੀ ਤਾਂ ਇਸ ਦੌਰਾਨ ਪੂਰੀ ਲੈਅ 'ਚ ਨਜ਼ਰ ਆਏ। ਉਸ ਨੇ 82 ਗੇਂਦਾਂ 'ਚ 6 ਚੌਕਿਆਂ ਤੇ 2 ਛੱਕਿਆਂ ਦੀ ਮਦਦ ਨਾਲ 62 ਦੌੜਾਂ ਬਣਾਈਆਂ। ਭਾਰਤੀ ਟੀਮ ਨੇ ਆਸਟਰੇਲੀਆ ਨੂੰ 233 ਦੌੜਾਂ ਦਾ ਟੀਚਾ ਦਿੱਤਾ।

ਜਵਾਬ 'ਚ ਖੇਡਣ ਉਤਰੀ ਆਸਟਰੇਲੀਆ ਟੀਮ ਦੀ ਸ਼ੁਰੂਆਤ ਬਹੁਤ ਖਰਾਬ ਰਹੀ। ਭਾਰਤੀ ਤੇਜ਼ ਗੇਂਦਬਾਜ਼ ਕਾਰਤਿਕ ਤਿਆਗੀ ਨੇ ਪਹਿਲੇ ਹੀ ਓਵਰ 'ਚ ਆਸਟਰੇਲੀਆ ਨੂੰ ਤਿੰਨ ਝਟਕੇ ਦੇ ਦਿੱਤੇ। ਤੀਜੇ ਓਵਰ 'ਚ 17 ਦੌੜਾਂ 'ਤੇ ਚਾਰ ਵਿਕਟਾਂ ਗਵਾਉਣ ਵਾਲੀ ਆਸਟਰੇਲੀਆ ਨੂੰ ਸਲਾਮੀ ਬੱਲੇਬਾਜ਼ ਸੈਮ ਫੈਨਿੰਗ ਦਾ ਸਹਾਰਾ ਮਿਲਿਆ। ਫੈਨਿੰਗ ਨੇ 127 ਗੇਂਦਾਂ 'ਚ 7 ਚੌਕੇ ਤੇ 3 ਛੱਕਿਆਂ ਦੀ ਮਦਦ ਨਾਲ 75 ਦੌੜਾਂ ਬਣਾਈਆਂ ਪਰ ਸੈਮ ਤੋਂ ਬਾਅਦ ਕੋਈ ਵੀ ਬੱਲੇਬਾਜ਼ ਵੱਡਾ ਸਕੋਰ ਨਹੀਂ ਬਣਾ ਸਕਿਆ ਤੇ ਆਸਟਰੇਲੀਆ ਦੀ ਟੀਮ ਨੂੰ 159 ਦੌੜਾਂ 'ਤੇ ਢੇਰ ਕਰ ਦਿੱਤਾ। ਭਾਰਤ ਵਲੋਂ ਸਭ ਤੋਂ ਸਫਲ ਗੇਂਦਬਾਜ਼ ਕਾਰਤਿਕ ਤਿਆਗੀ ਹੀ ਰਹੇ। ਉਸ ਨੇ 24 ਦੌੜਾਂ 'ਤੇ 4 ਵਿਕਟਾਂ ਹਾਸਲ ਕੀਤੀਆਂ।

## ਫੈਡਰਰ ਨੂੰ ਝਿੜਕਣ ਵਾਲੀ ਅੰਪਾਇਰ ਮਰਿਜਾਨਾ ਵੇਲਜੋਵਿਕ ਚਰਚਾ 'ਚ



ਨਵੀਂ ਦਿੱਲੀ, 28 ਜਨਵਰੀ (ਪੋਸਟ ਬਿਊਰੋ): ਆਸਟਰੇਲੀਅਨ ਓਪਨ ਦੌਰਾਨ ਜਦੋਂ ਸਵਿਸ ਟੈਨਿਸ ਸਟਾਰ ਰੋਜਰ ਫੈਡਰਰ ਟੀ. ਸੈਂਡਗ੍ਰੀਨ ਵਿਰੁੱਧ ਮੈਚ ਖੇਡ ਰਿਹਾ ਸੀ ਤਾਂ ਰੌਡ ਲੇਵਰ ਏਰੀਨਾ 'ਚ ਇਕ ਚਰਚਾ ਮੈਚ ਦੀ ਮਹਿਲਾ ਚੇਅਰ ਅੰਪਾਇਰ ਮਰਿਜਾਨਾ ਵੇਲਜੋਵਿਕ ਨੇ ਬਟੋਰ ਲਈ। ਮਰਿਜਾਨਾ ਨੇ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕਰਨ ਲਈ ਜਿਵੇਂ ਹੀ ਫੈਡਰਰ ਨੂੰ ਟੋਕਿਆ, ਉਹ ਆਪਣੀ ਗਲੈਮਰਸ ਲੁੱਕ ਲਈ ਸੋਸ਼ਲ ਮੀਡੀਆ 'ਤੇ ਚਰਚਾ ਵਿਚ ਆ ਗਈ। ਮਰਿਜਾਨਾ ਦੀ ਸਮਾਈਲ ਵਾਲੀ ਫੋਟੋ ਜਿਵੇਂ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਤਾਂ ਮਸ਼ਹੂਰ ਗਲੈਮਰਸ ਟੈਨਿਸ ਖਿਡਾਰਨ ਯੂਜਿਨੀ ਬੁਕਾਰਡ ਵੀ ਉਸ ਦੀ ਮੁਰੀਦ ਹੋ ਗਈ। ਉਸ ਨੇ ਇਕ ਟਵੀਟ ਕੀਤਾ, ਜਿਸ ਵਿਚ ਉਸ ਨੇ ਮਰਿਜਾਨਾ ਦੀ ਸਮਾਈਲ ਦੀ ਸ਼ਲਾਘਾ ਕੀਤੀ। ਮਰਿਜਾਨਾ ਦੀ ਫੋਟੋ ਵਾਇਰਲ ਹੁੰਦੇ ਹੀ ਗੂਗਲ 'ਤੇ ਲੋਕ ਉਸ ਬਾਰੇ ਹੋਰ ਜਾਣਨ ਲਈ ਅੱਗੇ ਵਧ ਗਏ। ਇਸ ਕਾਰਣ ਮਰਿਜਾਨਾ ਗੂਗਲ ਟ੍ਰੈਂਡ ਵਿਚ ਵੀ ਆ ਗਈ। ਜ਼ਿਕਰਯੋਗ ਹੈ ਕਿ ਮਰਿਜਾਨਾ ਨੇ ਅੰਪਾਇਰਿੰਗ ਲਈ 2015 'ਚ ਆਪਣਾ ਗੋਲਡ ਬੈਜ ਹਾਸਲ ਕੀਤਾ ਸੀ। ਉਹ ਕਈ ਵੱਡੇ ਮੁਕਾਬਲਿਆਂ 'ਚ ਅੰਪਾਇਰਿੰਗ ਕਰ ਚੁੱਕੀ ਹੈ। 2018 ਵਿਚ ਉਹ ਆਸਟਰੇਲੀਅਨ ਓਪਨ ਵੂਮੈਨਜ਼ ਸਿੰਗਲਜ਼ ਫਾਈਨਲ ਤੇ 2019 ਵਿਚ ਵਿੰਬਲਡਨ ਵੂਮੈਨਜ਼ ਸਿੰਗਲਜ਼ ਫਾਈਨਲ ਵਿਚ ਅੰਪਾਇਰ ਦੀ ਭੂਮਿਕਾ ਨਿਭਾ ਚੁੱਕੀ ਹੈ। 2019 'ਚ ਉਹ ਫੈੱਡ ਕੱਪ ਫਾਈਨਲ ਵਿਚ ਵੀ ਬਤੌਰ ਅੰਪਾਇਰ ਹਿੱਸਾ ਲੈ ਚੁੱਕੀ ਹੈ। ਮਰਿਜਾਨਾ ਨੇ ਅੰਪਾਇਰ ਬਣਨ ਦੇ ਆਪਣੇ ਸਫਰ 'ਤੇ ਗੱਲ ਕਰਦਿਆਂ ਕਿਹਾ ਕਿ ਮੇਰਾ ਸੁਪਨਾ ਸਿਰਫ ਇਕ ਦਰਸ਼ਕ ਵਾਂਗ ਵਿੰਬਲਡਨ ਦੇ ਮੈਚ ਦੇਖਣਾ ਸੀ ਪਰ ਮੈਂ ਇਸ ਵਿਚ ਜਿੰਨਾ ਹਿੱਸਾ ਲਿਆ, ਓਨਾ ਅੱਗੇ ਵਧਦੀ ਗਈ। ਮੈਂ ਪਹਿਲੀ ਵਾਰ ਜਦੋਂ ਵੱਡੇ ਈਵੈਂਟ ਵਿਚ ਅੰਪਾਇਰਿੰਗ ਕੀਤੀ ਸੀ ਤਾਂ ਮੈਂ ਖੁਦ ਨਾਲ ਇਕ ਵਾਅਦਾ ਕੀਤਾ ਸੀ। ਮੈਂ ਇਹ ਨਹੀਂ ਸੋਚਾਂਗੀ ਕਿ ਮੈਂ ਲੜਕਾ ਹਾਂ ਜਾਂ ਲੜਕੀ। ਮੈਂ ਸਿਰਫ ਸਹੀ ਫੈਸਲਾ ਦੇਣਾ ਹੈ।

## ਆਸਟਰੇਲੀਅਨ ਓਪਨ: ਨਡਾਲ ਕੁਆਰਟਰ ਫਾਈਨਲ 'ਚ



ਮੈਲਬੋਰਨ: ਆਪਣੇ ਦੂਜੇ ਆਸਟਰੇਲੀਅਨ ਓਪਨ ਖਿਤਾਬ ਦੀ ਭਾਲ ਵਿਚ ਲੱਗੇ ਵਿਸ਼ਵ ਦੇ ਨੰਬਰ ਇਕ ਖਿਡਾਰੀ ਸਪੇਨ ਦੇ ਰਾਫੇਲ ਨਡਾਲ ਨੇ ਆਸਟਰੇਲੀਆ ਦੇ ਨਿਕ ਕ੍ਰਿਗੀਓਸ ਦੀ ਸਖਤ ਚੁਣੌਤੀ 'ਤੇ ਸੋਮਵਾਰ 4 ਸੈੱਟਾਂ ਵਿਚ 6-3, 3-6, 7-6, 7-6 ਨਾਲ ਕਾਬੂ ਪਾਉਂਦੇ ਹੋਏ ਸਾਲ ਦੇ ਪਹਿਲੇ ਗ੍ਰੈਂਡ ਸਲੈਮ ਦੇ ਕੁਆਰਟਰ ਫਾਈਨਲ ਵਿਚ ਜਗ੍ਹਾ ਬਣਾ ਲਈ, ਜਦਕਿ ਚੌਥੀ ਸੀਡ ਰੂਸ ਦਾ ਡੇਨਿਲ ਮੇਦਵੇਦੇਵ 5 ਸੈੱਟਾਂ ਵਿਚ ਹਾਰ ਕੇ ਬਾਹਰ ਹੋ ਗਿਆ। ਟਾਪ ਸੀਡ ਨਡਾਲ ਨੇ ਰੋਡ ਲੇਵਰ ਏਰੇਨਾ ਵਿਚ 23ਵੀਂ ਸੀਡ ਕ੍ਰਿਗੀਓਸ ਦੀ ਚੁਣੌਤੀ 'ਤੇ 3 ਘੰਟੇ 38 ਮਿੰਟ ਵਿਚ ਕਾਬੂ ਪਾਇਆ। ਨਡਾਲ ਨੇ ਪਹਿਲਾ ਸੈੱਟ ਆਸਾਨੀ ਨਾਲ ਜਿੱਤਿਆ ਪਰ ਆਸਟਰੇਲੀਆਈ ਖਿਡਾਰੀ ਨੇ ਵਾਪਸੀ ਕਰਦੇ ਹੋਏ ਦੂਜਾ ਸੈੱਟ ਜਿੱਤ ਕੇ ਮੁਕਾਬਲਾ ਰੋਮਾਂਚਕ ਬਣਾ ਦਿੱਤਾ। ਵਿਸ਼ਵ ਦੇ ਨੰਬਰ ਇਕ ਖਿਡਾਰੀ ਨਡਾਲ ਨੂੰ ਅਗਲੇ ਦੋ ਸੈੱਟ ਟਾਈਬ੍ਰੇਕ ਵਿਚ ਜਿੱਤਣ ਲਈ ਪਸੀਨਾ ਵਹਾਉਣਾ ਪੈ ਗਿਆ।

**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
- Free valuation & Lowest Commission
- Special for First Time Home Buyer

OPEN HOUSE UNTIL SOLD
HIGHER STANDARDS FIVE STAR CERTIFIED TEAM




Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-

We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8




Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## 'ਚੁਰਾ ਕੇ ਦਿਲ ਮੇਰਾ...' ਗਾਣੇ ਨੂੰ ਰੀਕ੍ਰਿਏਟ ਕਰੇਗੀ ਸ਼ਿਲਪਾ ਸ਼ੈੱਟੀ



ਬਾਲੀਵੁੱਡ ਅਭਿਨੇਤਰੀ ਸ਼ਿਲਪਾ ਸ਼ੈੱਟੀ ਆਪਣੇ ਸੁਪਰਹਿੱਟ ਗਾਣੇ 'ਚੁਰਾ ਕੇ ਦਿਲ ਮੇਰਾ ਗੋਰੀਆ ਚਲੀ' ਨੂੰ ਰੀਕ੍ਰਿਏਟ ਕਰਨ ਵਾਲੀ ਹੈ। ਸਾਲ 1994 ਵਿੱਚ ਫਿਲਮ 'ਮੈਂ ਖਿਲਾੜੀ ਤੂ ਅਨਾੜੀ' ਵਿੱਚ 'ਚੁਰਾ ਕੇ ਦਿਲ ਮੇਰਾ ਗੋਰੀਆ ਚਲੀ' ਗਾਣਾ ਅਕਸ਼ੈ ਕੁਮਾਰ ਅਤੇ ਸ਼ਿਲਪਾ ਸ਼ੈੱਟੀ 'ਤੇ ਫਿਲਮਾਇਆ ਗਿਆ ਸੀ ਤਾ ਸੁਪਰ ਹਿੱਟ ਸਾਬਤ ਹੋਇਆ ਸੀ। ਇੱਕ ਵਾਰ ਫਿਰ ਸ਼ਿਲਪਾ ਇੱਕ ਵਾਰ ਇਸੇ ਗਾਣੇ ਦੇ ਜ਼ਰੀਏ ਸਾਰਿਆਂ ਦਾ ਦਿਲ ਚੁਰਾਉਣ ਦੇ ਲਈ ਤਿਆਰ ਹੈ।


ਸ਼ਿਲਪਾ ਕਾਫੀ ਸਮੇਂ ਬਾਅਦ ਫਿਲਮ 'ਹੰਗਾਮਾ 2' ਨਾਲ ਬਾਲੀਵੁੱਡ ਵਿੱਚ ਵਾਪਸ ਕਰ ਰਹੀ ਹੈ। ਫਿਲਮ 'ਹੰਗਾਮਾ 2' ਵਿੱਚ ਸ਼ਿਲਪਾ 'ਚੁਰਾ ਕੇ ਦਿਲ ਮੇਰਾ' ਗਾਣੇ ਉੱਤੇ ਆਪਣੀਆਂ ਅਦਾਵਾਂ ਨਾਲ ਫਿਰ ਲੋਕਾਂ ਦਾ ਦਿਲ ਚੁਰਾਉਣ ਵਾਲੀ ਹੈ। 'ਹੰਗਾਮਾ 2' ਫਿਲਮ ਵਿੱਚ ਇਹ ਗਾਣਾ ਰੀਕ੍ਰਿਏਟ ਕੀਤਾ ਜਾਏਗਾ। ਪ੍ਰਿਦਰਸ਼ਨ ਦੇ ਨਿਰਦੇਸ਼ਨ ਵਿੱਚ ਬਣਨ ਜਾ ਰਹੀ ਇਸ ਫਿਲਮ ਵਿੱਚ ਰੀਕ੍ਰਿਏਟ ਹੋ ਰਹੇ ਇਸ ਗਾਣੇ ਨੂੰ ਵੀ ਸ਼ਿਲਪਾ ਸ਼ੈੱਟੀ 'ਤੇ ਹੀ ਫਿਲਮਾਇਆ ਜਾਏਗਾ। ਸ਼ਿਲਪਾ ਇਸ ਫਿਲਮ ਵਿੱਚ ਮੁੱਖ ਕਿਰਦਾਰ ਨਿਭਾ ਰਹੀ ਹੈ। ਇਸ ਫਿਲਮ ਵਿੱਚ ਉਸ ਦੇ ਨਾਲ ਮਿਜਾਨ ਜਾਫਰੀ ਅਤੇ ਪਰੇਸ਼ ਰਾਵਲ ਹਨ।

## ਸ਼ਾਹਰੁਖ ਖਾਨ ਤੇ ਕੈਟਰੀਨਾ ਨੂੰ ਲੈ ਕੇ ਫਿਲਮ ਬਣਾਉਣਗੇ ਹਿਰਾਨੀ



ਬਾਲੀਵੁੱਡ ਦੇ ਮੰਨੇ ਪ੍ਰਮੰਨੇ ਫਿਲਮਕਾਰ ਰਾਜ ਕੁਮਾਰ ਹਿਰਾਨੀ ਬਾਲੀਵੁੱਡ ਦੇ ਕਿੰਗ ਸ਼ਾਹਰੁਖ ਖਾਨ ਅਤੇ ਕਰੀਨਾ ਕਪੂਰ ਨੂੰ ਲੈ ਕੇ ਫਿਲਮ ਬਣਾ ਸਕਦੇ ਹਨ। ਸ਼ਾਹਰੁਖ ਖਾਨ ਦੇ ਫੈਨਸ ਦੇ ਲਈ ਇਹ ਖੁਸ਼ਖਬਰੀ ਹੈ। ਸ਼ਾਹਰੁਖ ਖਾਨ ਆਖਰੀ ਵਾਰ ਸਾਲ 2018 ਵਿੱਚ ਰਿਲੀਜ਼ ਫਿਲਮ 'ਜ਼ੀਰੋ' ਵਿੱਚ ਨਜ਼ਰ ਆਏ ਸਨ। ਕਿਹਾ ਜਾ ਰਿਹਾ ਹੈ ਕਿ ਸ਼ਾਹਰੁਖ ਖਾਨ ਨੇ ਰਾਜ ਕੁਮਾਰ ਹਿਰਾਨੀ ਦੀ ਇੱਕ ਫਿਲਮ ਦੇ ਲਈ ਹਾਂ ਕਹਿ ਦਿੱਤੀ ਹੈ। ਇਸ ਫਿਲਮ ਵਿੱਚ ਸ਼ਾਹਰੁਖ ਦੇ ਆਪੋਜ਼ਿਟ ਕਰੀਨਾ ਕਪੂਰ ਨਜ਼ਰ ਆ ਸਕਦੀ ਹੈ। ਸ਼ਾਹਰੁਖ ਖਾਨ ਅਤੇ ਕਰੀਨਾ ਕਪੂਰ ਖਾਨ ਕਾਫੀ ਸਮੇਂ ਬਾਅਦ ਇਕੱਠੇ ਨਜ਼ਰ ਆਉਣਗੇ। ਸ਼ਾਹਰੁਖ ਅਤੇ ਕਰੀਨਾ ਨੇ 'ਰਾ-ਵਨ', 'ਅਸ਼ੋਕਾ', 'ਕਭੀ ਖੁਸ਼ੀ ਕਭੀ ਗਮ' ਵਰਗੀਆਂ ਕਈ ਫਿਲਮਾਂ ਵਿੱਚ ਇਕੱਠੇ ਕੰਮ ਕੀਤਾ ਹੈ।

## ਸੈਫ ਅਲੀ ਉੱਤੇ ਨਹੀਂ ਹੈ ਜਵਾਨ ਦਿੱਸਣ ਦਾ ਦਬਾਅ



ਇਸ ਸਾਲ ਦਾ ਮੁੱਢ ਸੈਫ ਅਲੀ ਖਾਨ ਲਈ ਕਾਫੀ ਚੰਗਾ ਰਿਹਾ ਹੈ। ਫਿਲਮ 'ਤਾਨਾਜੀ' ਵਿੱਚ ਉਸ ਦੇ ਵੱਲੋਂ ਨਿਭਾਏ ਗਏ ਕਿਰਦਾਰ ਨੂੰ ਕਾਫੀ ਪ੍ਰਸ਼ੰਸਾ ਮਿਲੀ ਹੈ। ਫਿਲਮ ਬਾਕਸ ਆਫਿਸ 'ਤੇ ਵੀ ਲਗਾਤਾਰ ਆਪਣੀ ਪਕੜ ਬਣਾਈ ਹੋਈ ਹੈ। ਉਥੇ ਹੀ 31 ਜਨਵਰੀ ਨੂੰ ਉਸ ਦੀ ਫਿਲਮ 'ਜਵਾਨੀ ਜਾਨੇਮਨ' ਰਿਲੀਜ਼ ਹੋ ਰਹੀ ਹੈ। ਉਸ ਵਿੱਚ ਉਹ ਅੱਲ੍ਹੜ ਦੇ ਪਿਤਾ ਦੀ ਭੂਮਿਕਾ ਨਿਭਾ ਰਹੇ ਹਨ। ਇਹ ਕਹਾਣੀ ਅਜਿਹੇ ਸ਼ਖਸ ਦੀ ਹੈ, ਜੋ ਆਪਣੀਆਂ ਜ਼ਿੰਮੇਵਾਰੀਆਂ ਅਤੇ ਉਮਰ ਨੂੰ ਸਵੀਕਾਰ ਕਰਨ ਤੋਂ ਡਰਦਾ ਹੈ। ਸੈਫ ਇਸ ਫਿਲਮ ਦੇ ਸਹਿ ਨਿਰਮਾਤਾ ਵੀ ਹਨ।

ਪਿਤਾ ਦੀ ਭੂਮਿਕਾ ਨਿਭਾਉਣ ਬਾਰੇ ਸੈਫ ਦਾ ਕਹਿਣਾ ਹੈ ਕਿ ਉਸ ਦਾ ਕਿਰਦਾਰ ਬੈਚਲਰ ਲਾਈਫ ਸਟਾਈਲ ਵਿੱਚ ਯਕੀਨ ਰੱਖਦਾ ਹੈ। ਉਸ ਨੂੰ ਲੱਗਦਾ ਹੈ ਕਿ ਇਕੱਲੀ ਜ਼ਿੰਦਗੀ ਚੰਗੀ ਹੈ। ਸੈਫ ਇਸ ਸਾਲ ਉਮਰ ਦਾ ਅਰਧ ਸੈਂਕੜਾ ਪੂਰਾ ਕਰ ਲੈਣਗੇ। ਜਵਾਨ ਦਿੱਸਣ ਬਾਰੇ ਉਨ੍ਹਾਂ ਦਾ ਕਹਿਣਾ ਹੈ, ''ਉਮਰ ਦੀ ਮੈਨੂੰ ਕੋਈ ਸਮੱਸਿਆ ਨਹੀਂ। ਮੈਂ ਉਸ ਬਾਰੇ ਸੋਚਦਾ ਵੀ ਨਹੀਂ। ਲੋਕ ਕਹਿੰਦੇ ਹਨ ਕਿ ਤੁਸੀਂ ਅਜਿਹੇ ਕੱਪੜੇ ਪਹਿਨੋ ਜਾਂ ਹੇਅਰ ਸਟਾਈਲ ਰੱਖੋ ਤਾਂ ਜਵਾਨ ਦਿਸੋਗੇ? ਸੱਚ ਕਹਾਂ ਤਾਂ ਮੈਨੂੰ ਜਵਾਨ ਦਿਸਣ ਦਾ ਕੋਈ ਦਬਾਅ ਨਹੀਂ ਹੈ। ਜਦ ਤੱਕ ਕੰਮ ਮਿਲਦਾ ਹੈ ਕਰਾਂਗੇ। ਜਦ ਰਿਟਾਇਰ ਹੋਣਾ ਹੋਵੇਗਾ, ਤਾਂ ਹੋ ਜਾਵਾਂਗੇ।'' ਸੈਫ ਕਹਿੰਦੇ ਹਨ, ''ਜ਼ਿੰਦਗੀ ਵਿੱਚ ਹਰ ਚੀਜ਼ ਦਾ ਇੱਕ ਵਕਤ ਹੁੰਦਾ ਹੈ। ਇੱਕ ਉਮਰ ਹੁੰਦੀ ਹੈ, ਜਦ ਤੁਹਾਨੂੰ ਕਰੀਅਰ ਬਣਾਉਣਾ ਹੁੰਦਾ ਹੈ ਤੇ ਪੈਸਾ ਕਮਾਉਣਾ ਹੁੰਦਾ ਹੈ। ਇੱਕ ਉਮਰ ਤੁਹਾਡੀ ਆਰਾਮ ਕਰਨ ਦੀ ਵੀ ਹੁੰਦੀ ਹੈ। ਜਦ ਉਹ ਆਂਗੀ ਤਾਂ ਉਸ ਦਾ ਲੁਤਫ ਲਵਾਂਗਾ।'' ਫਿਲਮ ਵਿੱਚ ਉਸ ਦੀ ਆਨਸਕਰੀਨ ਬੇਟੀ ਦੀ ਭੂਮਿਕਾ ਅਭਿਨੇਤਰੀ ਪੂਜਾ ਬੇਦੀ ਦੀ ਬੇਟੀ ਅਲਾਇਆ ਐਫ ਨਿਭਾ ਰਹੀ ਹੈ। ਇਹ ਉਸ ਦੀ ਡੈਬਿਊ ਫਿਲਮ ਹੈ।

## ਧਿਆਨ ਸਿਰਫ ਐਕਟਿੰਗ ਉੱਤੇ : ਰੀਆ ਚੱਕਰਵਰਤੀ



ਕੁਝ ਸਮੇਂ ਤੋਂ ਸੁਸ਼ਾਂਤ ਸਿੰਘ ਰਾਜਪੂਤ ਦੇ ਨਾਲ ਆਪਣੇ ਰੋਮਾਂਸ ਬਾਰੇ ਸੁਰਖੀਆਂ ਵਿੱਚ ਰਹੀ ਰੀਅ ਚੱਕਰਵਰਤੀ ਪਿਛਲੀ ਵਾਰ ਸਾਲ 2018 ਵਿੱਚ ਫਿਲਮ 'ਜਲੇਬੀ' ਵਿੱਚ ਨਜ਼ਰ ਆਈ ਤੇ ਸਾਲ 2019 ਵਿੱਚ ਉਹ ਸੁਨਹਿਰੇ ਪਰਦੇ ਤੋਂ ਗਾਇਬ ਰਹਿਣ ਪਿੱਛੋਂ ਫਿਲਮ 'ਚਿਹਰੇ' ਵਿੱਚ ਦਰਸ਼ਕਾਂ ਸਾਹਮਣੇ ਆ ਰਹੀ ਹੈ। ਜ਼ਿਕਰ ਯੋਗ ਹੈ ਕਿ 'ਸੋਨਾਲੀ ਕੇਬਲ', 'ਹਾਫ ਗਰਲਫਰੈਂਡ' ਅਤੇ 'ਜਲੇਬੀ' ਵਰਗੀਆਂ ਫਿਲਮਾਂ ਵਿੱਚ ਚੰਗੇ ਅਭਿਨੈ ਅਤੇ ਸ਼ਾਨਦਾਰ ਹਾਜ਼ਰੀ ਦੇ ਬਾਵਜੂਦ ਰੀਆ ਦਾ ਕਰੀਅਰ ਤੇਜ਼ੀ ਨਾਲ ਅੱਗੇ ਨਹੀਂ ਵਧ ਸਕਿਆ। ਅਮਿਤਾਭ ਬੱਚਨ ਅਤੇ ਇਮਰਾਨ ਹਾਸ਼ਮੀ ਸਟਾਰਰ ਫਿਲਮ 'ਚਿਹਰੇ' ਬਾਰੇ ਉਹ ਕਾਫੀ ਉਤਸ਼ਾਹਤ ਹੈ ਤੇ ਉਸ ਨੂੰ ਪੂਰੀ ਆਸ ਹੈ ਕਿ ਉਸ ਦੀ ਇਹ ਫਿਲਮ ਉਸ ਦੇ ਕਰੀਅਰ ਦੇ ਠਹਿਰਾਅ ਨੂੰ ਦੂਰ ਕਰਨ ਵਿੱਚ ਕਾਮਯਾਬ ਰਹੇਗੀ। ਪੇਸ਼ ਹਨ ਰੀਆ ਨਾਲ ਇੱਕ ਗੱਲਬਾਤ ਦੇ ਕੁਝ ਅੰਸ਼ :

* ਆਪਣੀ ਅਗਲੀ ਫਿਲਮ 'ਚਿਹਰੇ' ਬਾਰੇ ਦੱਸੋ?

– ਇਸ ਫਿਲਮ ਦੀ ਸ਼ੂਟਿੰਗ ਅਸੀਂ ਪੂਰੀ ਕਰ ਲਈ ਹੈ। ਅਜੇ ਇਸ 'ਚ ਆਪਣੇ ਰੋਲ ਬਾਰੇ ਜ਼ਿਆਦਾ ਨਹੀਂ ਦੱਸ ਸਕਦੀ, ਪਰ ਇਹ ਦੱਸ ਦਿਆਂ ਕਿ ਇਹ ਇੱਕ ਮਿਸਟਰੀ ਥ੍ਰਿਲਰ ਫਿਲਮ ਹੈ। ਇਸ ਦੀ ਕਹਾਣੀ ਦੋਸਤਾਂ ਦੇ ਇੱਕ ਗਰੁੱਪ ਦੀ ਹੈ, ਜੋ ਸਾਰੇ ਸ਼ਿਮਲਾ ਦੇ ਇੱਕ ਬੰਗਲੇ ਵਿੱਚ ਮਿਲਦੇ ਹਨ। ਫਿਰ ਉਥੇ ਇੱਕ ਸਾਈਕੋਲਾਜੀਕਲ ਗੇਮ ਖੇਡਦੇ ਹਨ। ਇਸ ਨੂੰ ਰੂਮੀ ਜਾਫਰੀ ਨੇ ਨਿਰਦੇਸ਼ਿਤ ਕੀਤਾ ਹੈ। ਇਸ ਫਿਲਮ ਵਿੱਚ ਮੈਨੂੰ ਬਿੱਗ ਬੀ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ, ਜੋ ਮੇਰੇ ਲਈ ਬਹੁਤ ਵੱਡੀ ਗੱਲ ਹੈ।

* ਅੱਜ ਤੱਕ ਦੇ ਆਪਣੇ ਕਰੀਅਰ ਨੂੰ ਲੈ ਕੇ ਸੋਚਦੇ ਹੋ?

– ਅੱਜ ਤੱਕ ਜਿਹੜੇ ਵੀ ਲੋਕਾਂ ਨਾਲ ਕੰਮ ਕਰਨ ਦੇ ਮੌਕੇ ਮਿਲੇ, ਉਹ ਸਾਰੇ ਬੜੇ ਅਨੋਖੇ ਰਹੇ ਹਨ। ਇਹ ਆਸਾਨ ਨਹੀਂ ਹੈ ਕਿ ਜਦੋਂ ਤੁਸੀਂ ਹਰ ਫਿਲਮ ਲਈ ਬਰਾਬਰ ਯਤਨ ਕਰਦੇ ਹੋ ਤੇ ਜਦੋਂ ਉਹ ਕੰਮ ਨਾ ਕਰਨ ਤਾਂ ਤੁਸੀਂ ਖੁਦ ਨੂੰ ਦੋਸ਼ੀ ਮੰਨਣ ਲੱਗਦੇ ਹੋ, ਪਰ ਕਲਾਕਾਰ ਵਜੋਂ ਤੁਹਾਨੂੰ ਮਹਿਸੂਸ ਕਰਨਾ ਹੋਵੇਗਾ ਕਿ ਤੁਸੀਂ ਸਿਰਫ ਆਪਣਾ ਕੰਮ ਹੀ ਕਰ ਸਕਦੇ ਹੋ, ਜੋ ਐਕਟਿੰਗ ਕਰਨਾ ਹੈ। ਮੇਰਾ ਸਾਰਾ ਧਿਆਨ ਐਕਟਿੰਗ 'ਤੇ ਰਹਿੰਦਾ ਹੈ। ਫਿਲਮ ਹਿੱਟ ਜਾਂ ਫਲਾਪ ਹੋਣਾ ਪੂਰੀ ਤਰ੍ਹਾਂ ਤੁਹਾਡੇ 'ਤੇ ਨਿਰਭਰ ਨਹੀਂ, ਇਸ ਲਈ ਮੈਂ ਫਿਲਮ ਦੀ ਸਫਲਤਾ ਜਾਂ ਅਸਫਲਤਾ ਨਾਲੋਂ ਖੁਦ ਨੂੰ ਵੱਖਰਾ ਰੱਖਣਾ ਸਿੱਖ ਲਿਆ ਹੈ।

* ਆਪਣੀ ਪਹਿਲੀ ਬਾਲੀਵੁੱਡ ਫਿਲਮ 'ਮੇਰੇ ਡੈਡ ਕੀ ਮਾਰੂਤੀ' ਨਾਲ ਤੁਸੀਂ ਕਿੰਨੀ ਤਬਦੀਲੀ ਮਹਿਸੂਸ ਕਰਦੇ ਹੋ?

– ਜੀਵਨ 'ਚ ਅਨੁਭਵ ਦੇ ਨਾਲ ਨਾਲ ਤੁਸੀਂ ਅੱਗੇ ਵਧਦੇ ਹੋ। ਇਹ ਤੁਹਾਨੂੰ ਬਹੁਤ ਜ਼ਿਆਦਾ ਭਾਵਨਾਤਮਕ ਬਣਾਉਂਦਾ ਹੈ, ਤੁਸੀਂ ਲੋਕਾਂ ਬਾਰੇ ਬਹੁਤ ਕੁਝ ਸਮਝਣ ਲੱਗਦੇ ਹੋ। ਹਰ ਕਲਾਕਾਰ ਲਈ ਇਹ ਮਹੱਤਵ ਪੂਰਨ ਹੈ। ਜੀਵਨ ਦਾ ਅਨੁਭਵ ਹੀ ਤੁਹਾਨੂੰ ਸੱਚਾ ਕਲਾਕਾਰ ਬਣਾਉਂਦਾ ਹੈ। ਸਾਨੂੰ ਖੁਦ ਨੂੰ ਤਜਰਬਿਆਂ ਲਈ ਤਿਆਰ ਰੱਖਣਾ ਪੈਂਦਾ ਹੈ ਤੇ ਇਸ ਤੋਂ ਬਚਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਕਿਸੇ ਵੀ ਭੂਮਿਕਾ ਦੇ ਰੀਅਲ ਲਾਈਫ ਅਨੁਭਵਾਂ ਨੂੰ ਸਮਝ ਕੇ ਤੁਸੀਂ ਉਸ ਨੂੰ ਚੰਗੇ ਢੰਗ ਨਾਲ ਨਿਭਾ ਸਕਦੇ ਹੋ। ਮੈਨੂੰ ਲੱਗਦਾ ਹੈ ਕਿ ਅਨੁਭਵ ਨਾਲ ਮੈਚਿਓਰਿਟੀ ਆਉਂਦੀ ਹੈ ਅਤੇ ਤੁਹਾਨੂੰ ਹਰ ਤਰ੍ਹਾਂ ਦੀ ਮਦਦ ਮਿਲਦੀ ਹੈ। ਅਨਿਸ਼ਚਿਤਤਾ ਜੀਵਨ ਦਾ ਹਿੱਸਾ ਬਣ ਗਈ ਹੈ, ਪਰ ਮੈਂ ਇਸ ਦਾ ਆਨੰਦ ਲੈਣਾ ਸਿੱਖ ਲਿਆ ਹੈ।

* ਤੁਸੀਂ ਫਿੱਟ ਰਹਿਣ ਲਈ ਕੀ ਕਰਦੇ ਹੋ?

– ਮੈਂ ਦਿਨ ਦੀ ਸ਼ੁਰੂਆਤ ਯੋਗਾ ਨਾਲ ਕਰਦੀ ਹਾਂ। ਇਸ ਨਾਲ ਮੇਰਾ ਦਿਨ ਸ਼ਾਂਤ ਅਤੇ ਪਾਜ਼ਟੀਵਿਟੀ ਨਾਲ ਭਰਿਆ ਰਹਿੰਦਾ ਹੈ। ਬਾਅਦ ਵਿੱਚ ਹਾਰਡਕੋਰ ਵਰਕਆਊਟ ਦੀ ਮਦਦ ਲੈਂਦੀ ਹਾਂ ਤਾਂ ਕਿ ਫਿੱਟ ਰਹਿ ਸਕਾਂ। ਸੋਮਵਾਰ ਤੋਂ ਸ਼ੁੱਕਰਵਾਰ ਤੱਕ ਯੋਗ ਤੇ ਕਿੱਕ ਬਾਕਸਿੰਗ ਕਰਦੀ ਹਾਂ। ਇਸ ਦੇ ਨਾਲ ਮੈਂ ਇਜ਼ਰਾਈਲੀ ਸੈਲਫ ਡਿਫੈਂਸ ਵੀ ਕਰਦੀ ਹਾਂ। ਵੀਕੈਂਡ ਵਿੱਚ ਮੈਂ ਕੱਥਕ ਡਾਂਸ ਕਲਾਸਿਜ਼ ਵਿੱਚ ਜਾਂਦੀ ਹਾਂ ਅਤੇ ਪਿਲੇਟਸ ਵੀ ਕਰਦੀ ਹਾਂ। ਮੇਰਾ ਮੰਨਣਾ ਹੈ ਕਿ ਵਰਕਆਊਟ ਦੇ ਨਾਲ ਨਾਲ ਸਹੀ ਖਾਣ-ਪੀਣ ਵੀ ਜ਼ਰੂਰੀ ਹੈ।

* ਕਿਸ ਤਰ੍ਹਾਂ ਦੀ ਡਾਈਟ ਪਸੰਦ ਕਰਦੇ ਹੋ?

– ਬਾਹਰ ਦੇ ਖਾਣੇ ਵਿੱਚ ਤੇਲ ਦੀ ਮਾਤਰਾ ਬਹੁਤ ਵੱਧ ਹੁੰਦੀ ਹੈ, ਇਸ ਲਈ ਉਸ ਦੀ ਵਰਤੋਂ ਜਿੰਨਾ ਹੋ ਸਕੇ, ਘੱਟ ਕਰੋ। ਮੈਂ ਸ਼ਾਕਾਹਾਰੀ ਬਣ ਚੁੱਕੀ ਹਾਂ ਕਿਉਂਕਿ ਵੈਜ ਖਾਣੇ ਨਾਲ ਹੈਲਦੀ ਲਾਈਫ ਸਟਾਈਲ ਵੱਲ ਕਦਮ ਵਧਾਉਂਦੇ ਹੋ ਅਤੇ ਇਹ ਜਾਨਵਰਾਂ ਪ੍ਰਤੀ ਹੋਣ ਵਾਲੇ ਨੁਕਸਾਨ ਨੂੰ ਵੀ ਖਤਮ ਕਰਦਾ ਹੈ।

* ਵਿਹਲੇ ਸਮੇਂ 'ਚ ਕੀ ਕਰਨਾ ਪਸੰਦ ਹੈ?

– ਜਦੋਂ ਮੈਂ ਬਿਜ਼ੀ ਨਹੀਂ ਹੁੰਦੀ ਤਾਂ ਮੈਨੂੰ ਵੱਖ-ਵੱਖ ਤਰ੍ਹਾਂ ਦਾ ਨ੍ਰਿਤ ਕਰਨਾ ਪਸੰਦ ਹੈ। ਭਾਵੇਂ ਉਹ ਬੈਲੀ ਡਾਂਸਿੰਗ ਸਿੱਖਣਾ ਹੋਵੇ ਜਾਂ ਬੈਲੇ। ਉਂਝ ਮੈਂ ਬਹੁਤ ਤਰ੍ਹਾਂ ਦੇ ਡਾਂਸ ਸਿੱਖੇ ਹਨ, ਪਰ ਮੁਹਾਰਤ ਅਜੇ ਕਿਸੇ 'ਚ ਨਹੀਂ ਹੈ, ਪਰ ਮੈਂ ਉਸ ਦੇ ਲਈ ਕੋਸ਼ਿਸ਼ ਕਰ ਰਹੀ ਹਾਂ। ਮੈਨੂੰ ਪੜ੍ਹਨਾ ਬਹੁਤ ਪਸੰਦ ਹੈ, ਮੈਨੂੰ ਕਵਿਤਾਵਾਂ ਲਿਖਣਾ ਚੰਗਾ ਲੱਗਦਾ ਹੈ। ਫਿਰ ਵੈਬ 'ਤੇ ਸ਼ੋਅਜ਼ ਵੀ ਦੇਖ ਲੈਂਦੀ ਹਾਂ। ਮੈਨੂੰ ਸਾਈਕਲ ਚਲਾਉਣਾ ਵੀ ਬਹੁਤ ਪਸੰਦ ਹੈ, ਜੋ ਮੇਰੇ ਲਈ ਤਣਾਅ ਭਜਾਉਣ ਦਾ ਸਭ ਤੋਂ ਚੰਗਾ ਸਾਧਨ ਹੈ। ਜਦੋਂ ਵੀ ਮਨ ਕਰਦਾ ਹੈ, ਮੈਂ ਖੁਦ ਨੂੰ ਸਿਰ ਤੋਂ ਪੈਰ ਤੱਕ ਢਕ ਕੇ ਸਾਈਕਲ ਚਲਾਉਣ ਨਿਕਲ ਜਾਂਦੀ ਹਾਂ।

## ਮਾਂ ਦਾ ਸੁਫਨਾ ਜੀਅ ਰਹੀ ਹਾਂ : ਭੂਮੀ ਪੇਡਨੇਕਰ



ਪੰਜ ਸਾਲਾਂ ਵਿੱਚ ਅੱਠ ਫਿਲਮਾਂ ਵਿੱਚ ਹੀਰੋਇਨ ਵਜੋਂ ਅਦਾਕਾਰੀ ਦੀ ਵੰਨ-ਸੁਵੰਨਤਾ ਦਾ ਪ੍ਰਦਰਸ਼ਨ ਕਰਨ ਵਾਲੀ ਭੂਮੀ ਪੇਡਨੇਕਰ ਗੰਭੀਰ ਭੂਮਿਕਾਵਾਂ ਨਿਭਾਉਣ ਲਈ ਨਿਰਮਾਤਾ-ਨਿਰਦੇਸ਼ਕਾਂ ਦੀ ਪਹਿਲੀ ਪਸੰਦ ਬਣਦੀ ਜਾਂਦੀ ਹੈ। ਸਾਲ 2019 ਦੌਰਾਨ 'ਸਾਂਡ ਕੀ ਆਂਖ', 'ਬਾਲਾ' ਅਤੇ 'ਪਤੀ ਪਤਨੀ ਔਰ ਵੋ' ਵਰਗੀਆਂ ਫਿਲਮਾਂ ਵਿੱਚ ਆਪਣੇ ਅਭਿਨੈ ਲਈ ਖੂਬ ਤਾਰੀਫਾਂ ਬਟੋਰਨ ਵਾਲੀ ਭੂਮੀ ਪੇਡਨੇਕਰ ਨੂੰ ਸਾਲ 2020 ਤੋਂ ਵੀ ਖੂਬ ਆਸਾ ਹਨ। ਇਸ ਸਾਲ ਵੀ ਉਹ ਕੁਝ ਬਹੁਤ ਦਮਦਾਰ ਕਹਾਣੀਆਂ ਵਾਲੀਆਂ ਫਿਲਮਾਂ 'ਚ ਆਏਗੀ। ਇਨ੍ਹਾਂ ਵਿੱਚ ਫਿਲਮ 'ਦੁਰਗਾਵਤੀ', 'ਡੌਲੀ ਕਿੱਟੀ ਔਰ ਵੋ ਚਮਕਤੇ ਸਿਤਾਰੇ' ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਉਹ ਵਿੱਕੀ ਕੌਸ਼ਲ 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਵਿੱਚ ਵੀ ਇੱਕ ਵਿਸ਼ੇਸ਼ ਭੂਮਿਕਾਵਾਂ ਵਿੱਚ ਨਜ਼ਰ ਆਏਗੀ। ਪੇਸ਼ ਹਨ ਭੂਮੀ ਨਾਲ ਹੋਈ ਇੱਕ ਗੱਲਬਾਤ ਦੇ ਕੁਝ ਅੰਸ਼ :

* ਤੁਸੀਂ ਅੱਜ ਤੱਕ ਜਿੰਨੀਆਂ ਵੀ ਫਿਲਮਾਂ ਕੀਤੀਆਂ, ਉਨ੍ਹਾਂ ਵਿੱਚ ਤੁਹਾਡਾ ਰੋਲ ਮਜ਼ਬੂਤ ਮਹਿਲਾ ਦਾ ਰਿਹਾ ਹੈ। ਇਸ ਤਰ੍ਹਾਂ ਦੇ ਕਿਰਦਾਰ ਚੁਣਨ ਦੇ ਪਿੱਛੇ ਤੁਹਾਡੀ ਸੋਚ ਕੀ ਹੈ?

-ਮੇਰੇ ਲਈ ਇਹ ਗੱਲ ਬਹੁਤ ਮਾਇਨੇ ਰੱਖਦੀ ਹੈ ਕਿ ਮੈਂ ਆਪਣੀਆਂ ਫਿਲਮਾਂ ਵਿੱਚ ਔਰਤਾਂ ਨੂੰ ਕਿਸ ਤਰ੍ਹਾਂ ਪੇਸ਼ ਕਰਦੀ ਹਾਂ। ਇਸ ਸਾਲ ਵੀ ਮੈਂ ਕੁਝ ਬਹੁਤ ਵੱਖਰਾ, ਆਜ਼ਾਦ, ਮਜ਼ਬੂਤ ਇਰਾਦੇ ਵਾਲੀਆਂ ਔਰਤਾਂ ਦੀਆਂ ਭੂਮਿਕਾਵਾਂ ਵਿੱਚ ਨਜ਼ਰ ਆਉਣ ਵਾਲੀ ਹਾਂ। ਮੈਨੂੰ ਲੱਗਦਾ ਹੈ ਕਿ ਇਸ ਸਾਲ 'ਚ ਔਰਤਾਂ ਦੇ ਵੱਖ-ਵੱਖ ਰੂਪਾਂ ਨੂੰ ਦਰਸ਼ਕਾਂ ਸਾਹਮਣੇ ਰੱਖਾਂਗੀ।

* ਇਸ ਸਮੇਂ ਤੁਹਾਨੂੰ ਜੋ ਭੂਮਿਕਾਵਾਂ ਮਿਲ ਰਹੀਆਂ ਹਨ, ਉਨ੍ਹਾਂ ਤੋਂ ਤੁਸੀਂ ਕਿੰਨੇ ਸੰਤੁਸ਼ਟ ਹੋ?

– ਮੈਂ ਬਹੁਤ ਉਤਸ਼ਾਹਤ ਤੇ ਖੁਸ਼ ਹਾਂ ਕਿ ਮੈਨੂੰ ਵੱਖ-ਵੱਖ ਤਰ੍ਹਾਂ ਦੀਆਂ ਔਰਤਾਂ ਦੀਆਂ ਭੂਮਿਕਾਵਾਂ ਕਰਨ ਦੇ ਮੌਕੇ ਮਿਲ ਰਹੇ ਹਨ। ਮੈਨੂੰ ਆਸ ਹੈ ਕਿ ਇਹ ਸਾਰੀਆਂ ਭੂਮਿਕਾਵਾਂ ਹੱਟ ਕੇ ਪ੍ਰਭਾਵ ਛੱਡਣ ਵਿੱਚ ਸਫਲ ਹੋਣਗੀਆਂ। ਅਜਿਹਾ ਪ੍ਰਭਾਵ ਜੋ ਉਨ੍ਹਾਂ ਦੇ ਨਿੱਜੀ ਸਰੂਪ ਅਤੇ ਤਾਕਤ ਨੂੰ ਸਾਫ-ਸਾਫ ਦਿਖਾਏਗਾ। ਇਹ ਚੰਗੀ ਗੱਲ ਹੈ ਕਿ ਇੰਨੀਆਂ ਸਾਰੀਆਂ ਫਿਲਮਾਂ ਵਿੱਚ ਔਰਤਾਂ ਦੀਆਂ ਭੂਮਿਕਾਵਾਂ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ ਅਤੇ ਇਸ ਗੱਲ ਨੂੰ ਲੈ ਕੇ ਵੀ ਖੁਸ਼ ਹਾਂ ਕਿ ਇਸ ਤਰ੍ਹਾਂ ਦੇ ਸਿਨੇਮਾ ਦਾ ਮੈਂ ਹਿੱਸਾ ਹਾਂ।

* ਫਿਲਮ ਚੁਣਨ 'ਚ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਦੇ ਹੋ?

– ਮੈਂ ਕਦੇ ਅਜਿਹੀ ਕੋਈ ਫਿਲਮ ਸਾਈਨ ਨਹੀਂ ਕੀਤੀ, ਜਿਸ ਵਿੱਚ ਮੇਰੇ ਕਿਰਦਾਰ ਦਾ ਰੋਲ ਮਹੱਤਵ ਪੂਰਨ ਨਾ ਹੋਵੇ। ਏਦਾਂ ਦੀਆਂ ਫਿਲਮਾਂ ਮੈਨੂੰ ਐਕਸਾਈਟ ਨਹੀਂ ਕਰਦੀਆਂ ਅਤੇ ਮੈਂ ਇਨ੍ਹਾਂ ਕਿਰਦਾਰਾਂ ਨਾਲ ਕਿਸੇ ਤਰ੍ਹਾਂ ਦਾ ਲਗਾਅ ਮਹਿਸੂਸ ਨਹੀਂ ਕਰ ਸਕਦੀ। ਮੇਰੇ ਕਿਰਦਾਰਾਂ ਦੀ ਹਮੇਸ਼ਾ ਆਪਣੀ ਆਵਾਜ਼ ਰਹੀ ਹੈ, ਜੋ ਆਪਣੇ ਫੈਸਲਿਆਂ ਤੇ ਸੋਚ ਬਾਰੇ ਮੁੱਖ ਰਹੀ ਹੈ। ਇਸ ਤਰ੍ਹਾਂ ਦੇ ਕਿਰਦਾਰਾਂ ਵੱਲ ਮੈਂ ਤੁਰੰਤ ਆਕਰਸ਼ਿਤ ਹੁੰਦੀ ਹਾਂ ਤੇ ਮੈਨੂੰ ਲੱਗਦਾ ਹੈ ਕਿ ਦਰਸ਼ਕ ਵੀ ਮੈਨੂੰ ਅੱਜ ਦੀਆਂ ਮਹਿਲਾਵਾਂ ਵਾਲੀਆਂ ਭੂਮਿਕਾਵਾਂ 'ਚ ਹੀ ਦੇਖਣਾ ਚਾਹੁੰਦੇ ਹਨ।

* ਆਪਣੇ ਪਰਵਾਰ ਬਾਰੇ ਕੁਝ ਦੱਸੋ?

-ਮੰਮੀ (ਸੁਮਿੱਤਰਾ ਪੇਡਨੇਕਰ) ਸ਼ਾਇਦ ਅਦਾਕਾਰਾ ਬਣਨਾ ਚਾਹੁੰਦੀ ਸੀ। ਇੱਕ ਫਿਲਮ ਵੀ ਕੀਤੀ ਉਨ੍ਹਾਂ ਨੇ ਬਚਪਨ 'ਚ। ਫਿਰ ਵਿਆਹ ਹੋ ਗਿਆ ਅਤੇ ਵਿਆਹ ਤੋਂ ਬਾਅਦ ਦਾ ਸਮਾਜ ਕੁਝ ਵੱਖਰਾ ਹੁੰਦਾ ਹੈ। ਮੈਂ ਮੰਮੀ ਦਾ ਸੁਫਨਾ ਜੀਅ ਰਹੀ ਹਾਂ, ਪਰ ਇਥੇ ਇੱਕ ਗੱਲ ਹੈ ਕਿ ਉਨ੍ਹਾਂ ਨੇ ਕਦੇ ਮੇਰੇ 'ਤੇ ਹੀਰੋਇਨ ਬਣਨ ਦਾ ਦਬਾਅ ਨਹੀਂ ਪਾਇਆ। ਉਨ੍ਹਾਂ ਦੀ ਜ਼ਿੱਦ ਰਹੀ ਕਿ ਮੈਂ ਪਹਿਲਾਂ ਆਪਣੀ ਪੜ੍ਹਾਈ ਪੂਰੀ ਕਰਾਂ ਅਤੇ ਫਿਰ ਕੁਝ ਹੋਰ ਕਰਾਂ। ਉਹ ਮੇਰੇ ਕੰਮ ਦਾ ਬਹੁਤ ਵੱਡਾ ਹਿੱਸਾ ਹਨ। ਮੈਂ ਖੁਸ਼ਨਸੀਬ ਹਾਂ ਕਿ ਮੈਨੂੰ ਅਜਿਹੇ ਮੌਕੇ ਮਿਲੇ ਅਤੇ ਆਪਣੀਆਂ ਫਿਲਮਾਂ ਤੋਂ ਮੈਂ ਉਨ੍ਹਾਂ ਸਾਰੀਆਂ ਕੁੜੀਆਂ ਲਈ ਇੱਕ ਉਮੀਦ ਬਣਨਾ ਚਾਹੁੰਦੀ ਹਾਂ, ਜੋ ਕੁਝ ਕਰਨਾ ਚਾਹੁੰਦੀਆਂ ਹਨ। ਪਾਪਾ (ਸਵਰਗੀ ਸਤੀਸ਼ ਪੇਡਨੇਕਰ) ਨੇ ਮੈਨੂੰ ਜੋ ਸੰਸਕਾਰ ਦਿੱਤੇ, ਉਨ੍ਹਾਂ ਨੇ ਮੇਰੀ ਸਫਲਤਾ 'ਚ ਬਹੁਤ ਵੱਡੀ ਭੂਮਿਕਾ ਨਿਭਾਈ। ਉਨ੍ਹਾਂ ਦਾ ਖਿਆਲ ਮੈਨੂੰ ਹਰ ਪਲ ਰਹਿੰਦਾ ਹੈ। ਮੈਨੂੰ ਆਪਣੀ ਭੈਣ ਸਮੀਕਸ਼ਾ ਵਿੱਚ ਉਨ੍ਹਾਂ ਦਾ ਅਕਸ ਦਿਸਦਾ ਹੈ। ਉਹ ਉਹੋ ਜਿਹੀ ਰੋਹਬ ਵਾਲੀ ਹੈ। ਕਾਨੂੰਨ ਦੀ ਪੜ੍ਹਾਈ ਕੀਤੀ ਹੈ। ਉਹ ਹਮੇਸ਼ਾ ਵੱਖਰੇ ਹੀ ਟਸ਼ਨ ਵਿੱਚ ਰਹਿੰਦੀ ਹੈ। ਸਾਡੇ ਘਰ ਦੀ ਅਸਲੀ ਹੀਰੋਇਨ ਉਹੀ ਹੈ।


* ਆਪਣੀ ਸਫਲਤਾ ਦਾ ਸਿਹਰਾ ਕਿਸ ਨੂੰ ਦਿਓਗੇ?

– ਮੇਰੀ ਸਫਲਤਾ ਦਾ ਸਿਹਰਾ ਇੱਕ ਤਾਂ ਫਿਲਮਾਂ ਦੇ ਨਿਰਦੇਸ਼ਕਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਮੈਨੂੰ ਵੱਖ-ਵੱਖ ਕਿਰਦਾਰਾਂ ਦੇ ਲਾਇਕ ਸਮਝਿਆ ਅਤੇ ਮੇਰੇ 'ਤੇ ਭਰੋਸਾ ਕੀਤਾ। ਦੂਸਰਾ, ਮੈਂ ਸਿਹਰਾ ਦੇਣਾ ਚਾਹੁੰਦੀ ਹਾਂ ਹਿੰਦੀ ਸਿਨੇਮਾ ਦੇ ਦਰਸ਼ਕਾਂ ਦੀ ਬਦਲਦੀ ਸੋਚ ਨੂੰ। ਮੋਬਾਈਲ ਕਾਰਨ ਦੁਨੀਆ ਭਰ ਦਾ ਸਿਨੇਮਾ ਉਨ੍ਹਾਂ ਦੀ ਮੁੱਠੀ 'ਚ ਹੈ ਅਤੇ ਉਹ ਸਿਨੇਮਾ ਦੇ ਬਦਲੇ ਰੂਪ ਨੂੰ ਸਮਝ ਰਹੇ ਹਨ। ਵੱਖਰੀ ਤਰ੍ਹਾਂ ਦੀਆਂ ਕਹਾਣੀਆਂ ਪਸੰਦ ਕਰ ਰਹੇ ਹਨ।

* ਹੀਰੋਇਨ ਬਣਨ ਤੋਂ ਪਹਿਲਾਂ ਤੁਸੀਂ ਯਸ਼ਰਾਜ ਫਿਲਮਜ਼ 'ਚ ਨੌਕਰੀ ਵੀ ਕੀਤੀ ਸੀ। ਉਸ ਬਾਰੇ ਕੁਝ ਦੱਸੋ?

– ਮੇਰੀ ਅਸਲੀ ਪੜ੍ਹਾਈ ਯਸ਼ਰਾਜ ਫਿਲਮਜ਼ 'ਚ ਹੋਈ ਹੈ। ਮੈਂ 17 ਸਾਲ ਦੀ ਸੀ ਤਾਂ ਮੈਂ ਇਥੇ ਪਹਿਲੀ ਨੌਕਰੀ ਸ਼ੁਰੂ ਕੀਤੀ। ਉਥੇ ਮੈਂ ਸਮਝਿਆ ਕਿ ਕੀ ਸਹੀ ਹੈ ਤੇ ਕੀ ਗਲਤ। ਕੈਮਰੇ ਦੇ ਪਿੱਛੇ ਦੀਆਂ ਬਰੀਕੀਆਂ ਸਿੱਖੀਆਂ। ਵੱਖ-ਵੱਖ ਤਰ੍ਹਾਂ ਦੀਆਂ ਖੂਬ ਕਹਾਣੀਆਂ ਪੜ੍ਹੀਆਂ ਤੇ ਵੱਖ-ਵੱਖ ਸੋਚ ਦੇ ਨਿਰਦੇਸ਼ਕਾਂ ਨਾਲ ਕੰਮ ਕੀਤਾ। ਪਤਾ ਨਹੀਂ ਕਿੰਨੇ ਕਲਾਕਾਰਾਂ ਦਾ ਆਡੀਸ਼ਨ ਲਿਆ। ਕਾਸਟਿੰਗ ਨਿਰਦੇਸ਼ਕ ਸ਼ਾਨੂੰ ਸ਼ਰਮਾ ਨਾਲ ਬਿਤਾਇਆ ਡੇਢ ਸਾਲ ਮੇਰੀ ਜ਼ਿੰਦਗੀ ਦਾ ਅਨਮੋਲ ਸਮਾਂ ਹੈ, ਮੇਰੀ ਸਫਲਤਾ ਦੀ ਉਹ ਬਹੁਤ ਵੱਡੀ ਸਾਥੀ ਹੈ।

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**INVISALIGN & BRACES INCLUDING CLEAR BRACES**
*Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ*
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr

# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?

ਬਰੈਂਪਟਨ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

40 Vodden Court | Brampton



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED



Beautiful Well Kept Condo Townhouse Corner Unit, Feels Like A Semi-Detached. Spacious And Bright 3 Bedroom Family Home, Open Concept Kitchen And Living Area. Kitchen Includes Stainless Steel Appliances, Backsplash And Lots Of Cupboard Storage. Full Finished Basement With Rec Room. Fenced Backyard With Your Very Own Patio Deck For Your Entertainment. *Bonus* Private Playground For The Neighborhood.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# HOUSE FOR SALE




**OPEN HOUSE**
AT
LOT 234 ICELAND POPPY TRAIL, BRAMPTON
Feb 1st & Feb 2nd
From Noon-5:00pm

Fabulous 5 bedrooms, 5 washrooms, model left in this great new build in Brampton. 9 foot ceiling on main floor. separate entrance to the basement from the garage, quartz counter tops, wide plank hardwood floor on main, oak stairs. Will be completed and ready for an end of March closing!

Contact Scott Gilmour:
scottgilmour@realtyexecuties.com or
416 802 0600
to book your showing.

4310 Sherwoodtowne Blvd. Suite 303C
Mississauga, ON, L4Z 4C4
Bus; 905 848 1900 Fax: 905 848 1918
Each office independently owned and operated

REALTY EXECUTIVES
Plus Ltd., Brokerage


# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

## VEGETARIAN FOOD HEALTHY EATING



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

